28

# ਨਵੇਂ ਮਸੀਹੀ ਲੋਕਾਂ ਦੀਆਂ ਔਕੜਾਂ

# (9:19-31; 22:17-21)

ਪੌਲੁਸ ਰਸੂਲ ਨੇ ਮਸੀਹੀ ਜੀਵਨ ਦੀ ਤੁਲਨਾ ਇਕ ਦੌੜ ਨਾਲ ਕੀਤੀ ਹੈ (1 ਕੁਰਿੰਥੀਆਂ 9:24-27; 2 ਤਿਮੋਥਿਉਸ 4:7, 8)। ਕਈ ਲੋਕਾਂ ਲਈ ਮਸੀਹੀ ਜੀਵਨ ਇਕ ਛੋਟੀ ਅਤੇ ਤੇਜ਼ ਦੌੜ ਵਾਂਗ ਹੈ ਭਾਵ ਉਹ ਪੂਰੇ ਰਾਹ ਵਿਚ ਤੇਜ਼ ਚਾਲ ਚਲ ਸਕਦੇ ਹਨ ਜਦਕਿ ਸਾਡੇ ਵਿੱਚੋਂ ਬਹੁਤੇ ਲੋਕਾਂ ਲਈ ਇਹ ਇਕ ਲੰਮੀ ਮੈਰਾਥਨ ਦੌੜ ਵਾਂਗ ਹੈ। ਪਰ ਜਿਹੜੀ ਦੌੜ ਪੌਲੁਸ ਦੇ ਸਾਹਮਣੇ ਸੀ ਉਹ ਹਰਡਲ ਰੇਸ ਵਾਂਗ ਬੜੀਆਂ ਰੁਕਾਵਟਾਂ ਭਰੀ ਸੀ। ਬਪਤਿਸਮੇ ਦੇ ਪਾਣੀ 'ਚੋਂ ਉੱਪਰ ਆਉਂਦਿਆਂ ਹੀ, ਉਸ ਨੇ ਰੁਕਾਵਟਾਂ ਨੂੰ ਪਾਰ ਕਰਨਾ ਸੀ ਅਤੇ ਉਨ੍ਹਾਂ ਤੇ ਫ਼ਤਹਿ ਪਾਉਣੀ ਸੀ। ਇਸ ਪਾਠ ਵਿਚ, ਅਸੀਂ ਪੌਲੁਸ ਦੀ ਮੁਢਲੀ ਸੇਵਕਾਈ ਦਾ ਅਧਿਐਨ ਜਾਰੀ ਰੱਖਾਂਗੇ। ਅਧਿਐਨ ਕਰਦੇ ਹੋਏ, ਅਸੀਂ ਉਨ੍ਹਾਂ ਕੁਝ ਰੁਕਾਵਟਾਂ ਤੇ ਵੀ ਧਿਆਨ ਦਿਆਂਗੇ ਜੋ ਪੌਲੁਸ ਅੱਗੇ ਆਈਆਂ ਸਨ। ਉਹਦੇ ਸਾਹਮਣੇ ਵੀ ਉਹੀ ਚੁਣੌਤੀਆਂ ਸਨ ਜੋ ਮਸੀਹ ਵਿਚ ਬਹੁਤ ਸਾਰੇ ਬੱਚਿਆਂ ਸਾਹਮਣੇ ਆਉਂਦੀਆਂ ਹਨ, ਇਸ ਲਈ ਅਸੀਂ ਖ਼ਾਸ ਤੌਰ ਤੇ ਵੇਖਣਾ ਚਾਹਾਂਗੇ ਕਿ ਉਸ ਨੇ ਉਨ੍ਹਾਂ ਤੇ ਕਿਵੇਂ ਕਾਬੂ ਪਾਇਆ।

## ਨਾਕਾਮੀ ਦੀ ਰੁਕਾਵਟ (9:19-22)

ਮਾਪਿਆਂ ਲਈ ਸਭ ਤੋਂ ਵੱਧ ਉਤੇਜਨਾ ਭਰੇ ਪਲ ਉਹ ਹੁੰਦੇ ਹਨ ਜਦ ਉਨ੍ਹਾਂ ਦਾ ਬੱਚਾ ਪਹਿਲਾ ਕਦਮ ਪੁੱਟਦਾ ਹੈ। ਉਹ ਇਕ ਕਦਮ ਪੁੱਟਦਾ ਹੈ ਅਤੇ ਥੋੜ੍ਹਾ ਜਿਹਾ ਤੁਰ ਕੇ ਡਿੱਗ ਜਾਂਦਾ ਹੈ। ਫੇਰ ਕੋਸ਼ਸ਼ ਕਰਦਾ ਹੈ। ਅੱਗੇ ਕਦਮ ਪੁੱਟ ਕੇ, ਉਹ ਫੇਰ ਇਕ ਵਾਰ ਧੜਾਮ ਕਰਕੇ ਡਿੱਗ ਜਾਂਦਾ ਹੈ। ਹੌਲੀ ਹੌਲੀ ਉਹ ਡਿੱਗਣ ਤੋਂ ਪਹਿਲਾਂ, ਦੋ ਕਦਮ, ਤਿੰਨ ਅਤੇ ਫਿਰ ਹੋਰ ਕਦਮ ਪੁੱਟਦਾ ਹੈ। ਮੈਨੂੰ ਆਪਣੀ ਬੇਟੀ ਡੈਬੀ ਦੇ ਪਹਿਲੇ ਕੁਝ ਕਦਮਾਂ ਦੀ ਘਰ ਵਿਚ ਬਣਾਈ ਫ਼ਿਲਮ ਵੇਖਣਾ ਚੰਗਾ ਲਗਦਾ ਹੈ। ਉਹਨੇ ਚੱਲਣਾ ਨਹੀਂ, ਨੱਸਣਾ ਸ਼ੁਰੂ ਕਰ ਦਿੱਤਾ ਸੀ। (ਅਜੇ ਵੀ ਉਹ ਘੱਟ ਤੇਜ਼ ਨਹੀਂ ਹੈ!) ਪਰ ਫ਼ਿਲਮ ਵਿਚ ਠੁਮਕਦੀ ਹੋਈ ਡੈਬੀ ਕਈ ਵਾਰ ਡਿੱਗ ਪਈ ਸੀ। ਵਿਚਾਰ ਕਰੋ ਜੇ ਡੈਬੀ ਪਹਿਲਾਂ ਦੋ ਤਿੰਨ ਕੋਸ਼ਸ਼ਾਂ ਦੇ ਬਾਅਦ ਨਾ ਉੱਠਦੀ ਤਾਂ ਕੀ ਹੁੰਦਾ? ਉਹ ਹੁਣ ਸਾਡੀ ਇਕ ਅਜਿਹੀ ਜਵਾਨ ਬੇਟੀ ਹੁੰਦੀ ਜਿਹਨੂੰ ਇਧਰ ਉਧਰ ਚੁੱਕ ਕੇ ਲਿਜਾਣਾ ਪੈਂਦਾ!

ਬੱਚਿਆਂ ਵਾਂਗ ਹੀ ਮਸੀਹ ਵਿਚ ਨਿਆਣਿਆਂ ਨੂੰ *ਸਿੱਖਣ* ਦੀ ਲੋੜ ਹੁੰਦੀ ਹੈ। ਬੱਚੇ ਜਿੰਨੀ ਵਾਰ ਡਿੱਗਦੇ ਹਨ, ਓਨੀ ਵਾਰ ਨਹੀਂ ਪਰ ਕੁਝ ਵਾਰ ਤਾਂ ਡਿੱਗਣਗੇ ਹੀ। ਸਵਾਲ ਇਹ ਨਹੀਂ

ਹੈ ਕਿ ''ਕੀ ਨਵੇਂ ਮਸੀਹੀ ਕਈ ਵਾਰ ਮਸੀਹੀ ਜੀਵਨ ਅਤੇ ਸੇਵਾ ਦੇ ਆਦਰਸ਼ ਤੋਂ ਡਿੱਗ ਜਾਣਗੇ?'' ਵਚਨ ਅਤੇ ਤਜਰਬੇ ਤੋਂ ਪਤਾ ਲਗਦਾ ਹੈ ਕਿ ਉਹ ਡਿੱਗਣਗੇ। ਅਹਿਮ ਸਵਾਲ ਇਹ ਹੈ ਕਿ ''ਡਿੱਗ ਕੇ, ਭਲਾ ਉਹ *ਉੱਠਣਗੇ ਅਤੇ ਕੋਸ਼ਸ਼ ਜਾਰੀ ਰੱਖਣਗੇ?''*

ਸੌਲੁਸ ਨੇ ਦਮਿਸ਼ਕ ਅਤੇ ਯਰੂਸ਼ਲਮ ਵਿਚ ਆਪਣੀਆਂ ਮੁਢਲੀਆਂ ਕੋਸ਼ਸ਼ਾਂ ਨੂੰ *ਨਾਕਾਮੀਆਂ* ਦੇ ਤੌਰ ਤੇ ਵੇਖਿਆ ਸੀ। ਉਹਨੇ ਬਾਅਦ ਵਿਚ ਦਮਿਸ਼ਕ ਤੋਂ ਅੱਧੀ ਰਾਤ ਦੇ ਆਪਣੇ ਬਚਾਅ ਨੂੰ *ਕਮਜ਼ੋਰੀ* ਦੀ ਮਿਸਾਲ ਦੱਸਿਆ ਸੀ (2 ਕੁਰਿੰਥੀਆਂ 11:30, 32, 33)। ਬਾਅਦ ਵਿਚ ਆਪਣੇ ਬਚਾਅ ਬਾਰੇ ਲਿਖਦਿਆਂ ਉਹਨੇ ਸੰਕੇਤ ਦਿੱਤਾ ਕਿ ਉਹ ਉੱਥੋਂ ਆਪਣੀ ਮਰਜ਼ੀ ਨਾਲ ਛੱਡ ਕੇ ਨਹੀਂ ਗਿਆ ਸੀ (22:17-21)। *ਪਰ ਸੌਲੁਸ ਵਿਸ਼ਵਾਸ ਨਾਲ ਹੀ ਨਾਕਾਮੀ ਦੀ ਰੁਕਾਵਟ ਨੂੰ ਦੂਰ ਕਰ ਸਕਿਆ ਸੀ।* ਉਹ ਛੱਡ ਕੇ ਨਹੀਂ ਗਿਆ ਸਗੋਂ ਉਹਨੇ ਆਪਣੇ ਆਪ ਨੂੰ ਉਠਾਇਆ ਅਤੇ ਫੇਰ ਕੋਸ਼ਸ਼ ਕੀਤੀ।

ਮਸੀਹੀ ਜੀਵਨ ਦੇ ਸ਼ੁਰੂ ਲਈ, ਸੌਲੁਸ ਤੋਂ ਪ੍ਰੇਰਣਾ ਲਓ: ਨਾਕਾਮੀ ਨੂੰ ਆਖ਼ਰ ਨਾ ਬਣਨ ਦਿਓ। ਜਦ ਕਦੇ ਡਿੱਗ ਜਾਓ, ਤਾਂ ਫੇਰ ਤੋਂ ਉੱਠੋ[1] ਅਤੇ ਕੋਸ਼ਸ਼ ਕਰੋ। ਚੱਲਣਾ ਸਿੱਖਣ ਦਾ ਸਿਰਫ਼ ਇਹੀ ਤਰੀਕਾ ਹੈ। ਹਿੰਮਤ ਹਾਰ ਦੇਣਾ ਅਤੇ ਕੁਝ ਨਾ ਕਰਨਾ ਸੌਖਾ ਤਾਂ ਹੋ ਸਕਦਾ ਹੈ, ਪਰ ਇਹ ਤੁਹਾਨੂੰ ਰੂਹਾਨੀ ਤੌਰ ਤੇ ਅਪਾਹਜ ਅਤੇ ਹਮੇਸ਼ਾ ਲਈ ਦੂਜਿਆਂ ਦੇ ਸਹਾਰੇ ਰਹਿਣ ਵਾਲੇ ਬਣਾ ਦੇਵੇਗਾ![2]

ਮੈਂ ਅਤੇ ਮੇਰੀ ਪਤਨੀ ਨੇ ਹਾਲ ਹੀ ਵਿਚ ਕੁਝ ਸਮਾਂ ਬ੍ਰਾਸੋਵ ਅਤੇ ਰੋਮਾਨੀਆਂ ਵਿਚ ਬਿਤਾਇਆ। ਮੈਂ ਉੱਥੋਂ ਦੇ ਮਸੀਹੀ ਲੋਕਾਂ ਦੀ ਤਰੱਕੀ ਨੂੰ ਵੇਖ ਕੇ ਬੜਾ ਪ੍ਰਭਾਵਤ ਹੋਇਆ। ਉਨ੍ਹਾਂ ਦੀਆਂ ਬੰਦਗੀਆਂ ਵਿਚ, ਲਗਭਗ ਹਰ ਜਵਾਨ ਨੇ ਬਾਈਬਲ ਪੜ੍ਹੀ, ਦੁਆ ਵਿਚ ਅਗਵਾਈ ਕੀਤੀ, ਗਾਉਣ ਵਿਚ ਅਗਵਾਈ ਕੀਤੀ ਜਾਂ ਥੋੜ੍ਹਾ ਵਚਨ ਸੁਣਾਇਆ। ਇਹ ਜਵਾਨ ਮਸੀਹੀ ''ਅਸਾਨੀ ਨਾਲ'' ਅਤੇ ਮੁਸ਼ਕਲ ਤੋਂ ਬਚਣ ਦੀ ਕੋਸ਼ਸ਼ ਕਰਕੇ ਇੱਥੇ ਤਕ ਨਹੀਂ ਪੁੱਜੇ ਸਨ। ਉਹ *ਕੋਸ਼ਸ਼ ਕਰਕੇ* ਵਧੇ ਜਿਸ ਦੌਰਾਨ ਉਨ੍ਹਾਂ ਨੇ ਗਲਤੀਆਂ ਵੀ ਕੀਤੀਆਂ ਹੋਣਗੀਆਂ!

## ਸਤਾਅ ਦੀ ਰੁਕਾਵਟ (9:23-25)

ਪਿਛਲੇ ਪਾਠ ਵਿਚ ਅਸੀਂ ਵੇਖਿਆ ਸੀ ਕਿ ਬਪਤਿਸਮਾ ਲੈਣ ਤੋਂ ਬਾਅਦ ਸੌਲੁਸ ਦਮਿਸ਼ਕ ਦੇ ਸਮਾਜਾਂ (ਯਹੂਦੀ ਪ੍ਰਾਰਥਨਾ ਭਵਨਾਂ) ਵਿਚ ਪ੍ਰਚਾਰ ਕਰਨ ਲਗ ਪਿਆ ਸੀ। ਸਾਨੂੰ ਇਹ ਵੀ ਸਮਝ ਆਇਆ ਸੀ ਕਿ ਉਹ ਅਰਬ ਦੇ ਜੰਗਲੀ ਇਲਾਕੇ ਵਿਚ ਚਲਾ ਗਿਆ ਸੀ। ਅਰਬ ਵਿਚ ਪਹੁੰਚ ਕੇ ਉਹਨੇ ਦਮਿਸ਼ਕ ਵਿਚ ਫੇਰ ਤੋਂ ਪ੍ਰਚਾਰ ਕੀਤਾ। ''ਜਾਂ ਬਹੁਤ ਦਿਨ ਬੀਤ ਗਏ ਤਾਂ ਯਹੂਦੀਆਂ ਨੇ ਉਹ ਦੇ ਮਾਰ ਘੱਤਣ ਦਾ ਮਤਾ ਪਕਾਇਆ'' (ਆਇਤ 9:23)। ਉਹ ਤਰਕਾਂ ਨਾਲ ਉਹਦਾ ਮੂੰਹ ਬੰਦ ਨਾ ਕਰ ਸਕੇ, ਜਿਸ ਕਰਕੇ ਉਨ੍ਹਾਂ ਨੇ ਉਹਨੂੰ ਮਾਰ ਕੇ ਉਹਦੀ ਜ਼ਬਾਨ ਬੰਦ ਕਰਨ ਦੀ ਕੋਸ਼ਸ਼ ਕੀਤੀ।[3] ਕਿਸੇ ਨੇ ਕਿਹਾ ਹੈ ਕਿ ''ਦੁਨੀਆਂ ਵਿੱਚੋਂ ਸਬੂਤ ਮਿਟਾਉਣ ਲਈ ਲੋਕਾਂ ਨੂੰ ਸ਼ਹੀਦ ਕਰ ਦਿੱਤਾ ਜਾਂਦਾ ਹੈ।''

ਆਇਤ 24 ਕਹਿੰਦੀ ਹੈ, ''ਪਰ ਉਨ੍ਹਾਂ ਦਾ ਮਤਾ ਸੌਲੁਸ ਨੂੰ ਮਲੂਮ ਹੋ ਗਿਆ[4] ਅਤੇ ਉਨ੍ਹਾਂ [ਯਹੂਦੀਆਂ] ਨੇ ਰਾਤ ਦਿਨ ਦਰਵਾਜ਼ਿਆਂ ਦੀ ਰਾਖੀ ਵੀ ਕੀਤੀ ਭਈ ਉਹਨੂੰ ਮਾਰ ਸੁੱਟਣ।'' ਕੁਰਿੰਥੁਸ ਦੀ ਕਲੀਸੀਆ ਨੂੰ ਲਿਖਦਿਆਂ ਪੌਲੁਸ ਨੇ ਇਹ ਦੁਖੀ ਕਰਨ ਵਾਲੀ ਟਿੱਪਣੀ ਵੀ ਜੋੜ ਦਿੱਤੀ: ''ਦਮਿਸ਼ਕ ਵਿਚ ਉਸ ਹਾਕਮ[5] ਨੇ ਜਿਹੜਾ ਰਾਜਾ ਅਰਿਤਾਸ[6] ਦੀ ਵੱਲੋਂ ਸੀ

ਦਮਿਸ਼ਕੀਆਂ ਦੇ ਸ਼ਹਿਰ ਉੱਤੇ ਮੇਰੇ ਫੜਨ ਲਈ ਪਹਿਰਾ ਬਿਠਾਇਆ'' (2 ਕੁਰਿੰਥੀਆਂ 11:32)। ਮੈਂ ਇਸ ਨੂੰ ਦੁਖੀ ਕਰਨ ਵਾਲਾ ਇਸ ਲਈ ਕਹਿੰਦਾ ਹਾਂ, ਕਿਉਂਕਿ ਪਹਿਲੀ ਗੱਲ ਤਾਂ ਇਹ ਕਿ ਸਾਨੂੰ ਪਤਾ ਨਹੀਂ ਕਿ ਅਰਬੀ ਰਾਜੇ ਅਰਿਤਾਸ ਦਾ ਦਮਿਸ਼ਕ ਵਿਚ ਕਿੰਨਾ ਅਧਿਕਾਰ ਸੀ, ਜੋ ਆਮ ਤੌਰ ਤੇ ਰੋਮੀਆਂ ਦੀ ਮਰਜ਼ੀ ਨਾਲ ਦਿੱਤਾ ਜਾਂਦਾ ਸੀ।[7] ਪਰ ਬਹੁਤਾ ਪਰੇਸ਼ਾਨ ਕਰਨ ਵਾਲੀ ਗੱਲ ਇਹ ਸੀ ਕਿ ਯਹੂਦੀਆਂ ਅਤੇ ਅਰਬੀਆਂ ਨੇ ਸੌਲੁਸ ਨੂੰ ਮਾਰ ਦੇਣ ਦੀ ਕੋਸ਼ਸ਼ ਵਿਚ ਇਕ ਦੂਜੇ ਦਾ ਸਹਿਯੋਗ ਕੀਤਾ ਸੀ। ਯਹੂਦੀਆਂ ਅਤੇ ਅਰਬੀਆਂ ਦਾ ਸਹਿਯੋਗ ਉਦੋਂ ਵੀ ਓਨਾਂ ਹੀ ਅਜੀਬ ਗੱਲ ਸੀ ਜਿੰਨੀ ਅੱਜ ਹੈ![8] ਸ਼ਾਇਦ ਯਹੂਦੀਆਂ ਦਾ ਦਮਿਸ਼ਕ ਵਿਚ ਬਹੁਤ ਜ਼ਿਆਦਾ ਸਿਆਸੀ ਅਸਰ ਸੀ![9] ਸ਼ਾਇਦ ਯਹੂਦੀ ਅਤੇ ਅਰਬੀ ਦੋਵੇਂ ਹੀ ਸੌਲੁਸ ਨੂੰ ਇਕ ਖ਼ਤਰੇ ਦੇ ਰੂਪ ਵਿਚ ਵੇਖਦੇ ਸਨ।[10] ਜੋ ਵੀ ਹੋਵੇ, ਇਕ ਆਦਮੀ ਨੂੰ ਮਾਰਨ ਦੀ ਕੋਸ਼ਸ਼ ਲਈ ਦਮਿਸ਼ਕ ਦੇ ਸਾਰੇ ਸਾਧਨ ਮੁਹੱਈਆ ਕਰਵਾ ਦਿੱਤੇ ਗਏ ਸਨ!

ਸੌਲੁਸ ਦਾ ਬਚਾਅ ਨਵੇਂ ਨੇਮ ਦੀਆਂ ਪ੍ਰਸਿੱਧ ਕਹਾਣੀਆਂ ਵਿੱਚੋਂ ਇਕ ਹੈ: ''ਪਰ ਉਹ ਦੇ ਚੇਲਿਆਂ[11] ਨੇ ਰਾਤ ਦੇ ਵੇਲੇ ਉਹਨੂੰ ਲਿਆ ਅਤੇ ਟੋਕਰੇ ਵਿਚ ਬਿਠਾ ਕੇ ਸਫ਼ੀਲ ਉੱਪਰੋਂ ਉਤਾਰ ਦਿੱਤਾ'' (9:25)। ਬਾਅਦ ਵਿਚ ਪੌਲੁਸ ਨੇ ਲਿਖਿਆ, ''ਮੈਂ ਤਾਕੀ ਥਾਣੀ[12] ਟੋਕਰੇ ਵਿਚ ਸਫ਼ੀਲ ਉੱਪਰ ਦੀ ਉਤਾਰਿਆ ਗਿਆ'' (2 ਕੁਰਿੰਥੀਆਂ 11:33)। ਕਮਰਿਆਂ ਦਾ ਸ਼ਹਿਰ ਦੀ ਸਫ਼ੀਲ ਉੱਤੇ ਬਣਾਇਆ ਜਾਣਾ ਆਮ ਗੱਲ ਸੀ (ਯਹੋਸ਼ੁਆ 2:15)। ਮੈਂ ਸੌਲੁਸ ਨੂੰ ਆਪਣੇ ਦੋਸਤਾਂ ਵਿਚ ਘਿਰੇ, ਉਨ੍ਹਾਂ ਕਮਰਿਆਂ ਵਿੱਚੋਂ ਇਕ ਵਿਚ ਭੀੜ ਵੇਖਣ ਦੀ ਕਲਪਨਾ ਕਰ ਸਕਦਾ ਹਾਂ ਜਿਸ ਵਿਚ ਉਨ੍ਹਾਂ ਨੇ ਖ਼ਮੋਸ਼ ਪਰ ਬੇਹੱਦ ਜ਼ਰੂਰੀ ਬੋਲਚਾਲ ਦੇ ਲਹਿਜ਼ੇ ਵਿਚ ਚਰਚਾ ਕੀਤੀ, ਜੋ ਉਨ੍ਹਾਂ ਨੂੰ ਕਰਨੀ ਚਾਹੀਦੀ ਸੀ। ਅਖ਼ੀਰ ਇਕ ਜਣਾ ਕਮਰੇ ਵਿੱਚੋਂ ਗਿਆ ਅਤੇ ਇਕ ਰੱਸਾ ਮੋਢਿਆਂ ਤੇ ਰੱਖੀ ਅਤੇ ਵੱਡਾ ਸਾਰਾ ਟੋਕਰਾ ਚੁੱਕ ਲਿਆਇਆ। ਉਹਨੇ ਟੋਕਰੇ ਵਿਚ ਪਈਆਂ ਚੀਜ਼ਾ ਕੱਢ ਦਿੱਤੀਆਂ ਅਤੇ ਸੌਲੁਸ ਨੂੰ ਕਿਹਾ, ''ਇਸ ਵਿਚ ਬੈਠਣ ਦੀ ਕੋਸ਼ਸ਼ ਕਰੋ!'' ਕੁਝ ਹੀ ਪਲਾਂ ਵਿਚ ਸੌਲੁਸ ਨੂੰ ਰਾਤ ਦੇ ਹਨੇਰੇ ਵਿਚ ਖਿੜਕੀ 'ਚੋਂ ਦੀ ਉਤਾਰ ਦਿੱਤਾ ਗਿਆ। ਮੈਂ ਸੌਲੁਸ ਨੂੰ ਹਨੇਰੇ ਵਿਚ ਟਕਰਾਉਂਦਿਆਂ, ਬਾਰ ਬਾਰ ਕੰਧ ਵੱਲ ਘੁੰਮਦਿਆਂ ਅਤੇ ਅਖ਼ੀਰ ਵਿਚ ਟੋਕਰਾ ਜ਼ਮੀਨ ਤੇ ਲੱਗਣ ਤੇ ਉਹਦੇ ਵਿੱਚੋਂ ਬਾਹਰ ਨਿੱਕਲਦਿਆਂ ਵੇਖ ਸਕਦਾ ਹਾਂ।

ਜਵਾਨੀ ਵਿਚ ਮੈਂ ਪੌਲੁਸ ਦੇ ਬਚਾਅ ਨੂੰ ਇਕ ਰੋਮਾਂਚਕ ਜੋਖ਼ਮ ਮੰਨਦਾ ਹੁੰਦਾ ਸਾਂ। ਪੌਲੁਸ ਲਈ ਇਹ ਰੋਮਾਚਕਾਰੀ ਨਹੀਂ ਸਗੋਂ ਇਕ ਸਿਆਣੇ ਆਦਮੀ ਦਾ ਸ਼ਹਿਰ ਤੋਂ ਜ਼ਲਾਲਤ ਭਰੇ ਤਰੀਕੇ ਨਾਲ ਨਿੱਕਲਨਾ ਪਰੇਸ਼ਾਨ ਕਰਨ ਵਾਲਾ ਸੀ![13] ਉਹ ਦਮਿਸ਼ਕ ਦੇ ਇਖ਼ਤਿਆਰ ਨਾਲ ਪ੍ਰਵੇਸ਼ ਅਤੇ ਤਾਕਤ ਦੇ ਜ਼ੋਰਦਾਰ ਪ੍ਰਦਰਸ਼ਨ ਨਾਲ (ਵਿਲਕਦੇ ਹੋਏ ਮਸੀਹੀ ਲੋਕਾਂ ਨੂੰ ਬੇੜੀਆਂ ਵਿਚ ਬੰਨ੍ਹ ਕੇ ਘਸੀਟਦਿਆਂ) ਨਿੱਕਲਣ ਦੀ ਯੋਜਨਾ ਬਣਾਉਣ ਦੀ ਬਜਾਏ ਇਕ ਅੰਨ੍ਹੇ ਮੰਗਤੇ ਦੇ ਰੂਪ ਵਿਚ ਸ਼ਹਿਰ ਵਿਚ ਵੜਿਆ ਅਤੇ ਭਗੌੜਾ ਹੋ ਕੇ ਉਹਨੂੰ ਸ਼ਹਿਰ ਛੱਡਣਾ ਪਿਆ!

ਜੇ ਮੈਂ ਸੌਲੁਸ ਦੀ ਥਾਂ ਹੁੰਦਾ, ਤਾਂ ਭੱਜਣ ਦੇ ਬਾਅਦ ਕੋਈ ਅਜਿਹਾ ਨਿਵੇਕਲਾ ਥਾਂ ਲੱਭਦਾ ਜਿੱਥੇ ਮੈਂ ਲੋਕਾਂ ਦਾ ਗੁੱਸਾ ਠੰਡਾ ਹੋਣ ਤਕ ਲੁਕਿਆ ਰਹਿ ਸਕਦਾ। ਪਰ ਸੌਲੁਸ ਦੱਖਣ ਵਿਚ ਉਸ ਸ਼ਹਿਰ ਵੱਲ ਚਲਿਆ ਗਿਆ ਜਿੱਥੋਂ ਦੇ ਲੋਕ ਉਸ ਨਾਲ ਦਮਿਸ਼ਕੀਆਂ ਨਾਲੋਂ ਵੀ ਬਹੁਤੀ ਨਫ਼ਰਤ ਕਰਦੇ ਸਨ, ਉਹ *ਯਰੂਸ਼ਲਮ* ਵੱਲ ਨਿੱਕਲ ਗਿਆ।

*ਸੌਲੁਸ ਨੇ ਸਤਾਅ ਦੀ ਰੁਕਾਵਟ ਨੂੰ ਧੀਰਜ ਨਾਲ ਦੂਰ ਕੀਤਾ*। ਯਿਸੂ ਨੇ ਉਨ੍ਹਾਂ ਦੀ ਤਰੀਫ਼ ਕੀਤੀ ''... ਜਿਹੜੇ ਸੁਣ ਕੇ ਵਚਨ ਨੂੰ ਚੰਗੇ ਅਤੇ ਖਰੇ ਦਿਲ ਵਿਚ ਸਾਂਭੀ ਰੱਖਦੇ ਹਨ ਅਰ

ਧੀਰਜ ਨਾਲ ਫ਼ਲ ਦਿੰਦੇ ਹਨ'' (ਲੂਕਾ 8:15)।

ਮਸੀਹੀ ਬਣਨ ਨਾਲ ਜ਼ਿੰਦਗੀ ਵਿਚ ਤੁਹਾਨੂੰ ਬਰਕਤ ਮਿਲੇਗੀ, ਪਰ ਇਹਦਾ ਮਤਲਬ ਇਹ ਨਹੀਂ ਕਿ ਮਸੀਹੀ ਜੀਵਨ ਬੜਾ ਅਸਾਨ ਹੈ। ਆਪਣੀ ਨੈਤਿਕ ਗਿਰਾਵਟ ਲਈ ਜਾਂ ਤੁਹਾਨੂੰ ਹਰਾਉਣ ਦੀ ਕੋਸ਼ਸ਼ ਵਿਚ ਕੋਈ ਤੁਹਾਡੇ ਮਸੀਹੀ ਬਣਨ ਤੇ ਤੁਹਾਨੂੰ ਨਿਰਾਸ਼ ਕਰ ਸਕਦਾ ਹੈ! ਅਜਿਹਾ ਹੋਣ ਤੇ, ਐਨਾ ਯਾਦ ਰੱਖੋ ਕਿ ''ਜਿਨ੍ਹਾਂ ਲੋਕਾਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ ਸ਼ੈਤਾਨ ਵੀ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕਰਦਾ!'' ਮੈਨੂੰ ਇਕ ਦੋਸਤ ਦੀ ਗੱਲ ਯਾਦ ਆਉਂਦੀ ਹੈ।[14] ਜਦ ਮੈਂ ਇਸ ਜਵਾਨ ਨੂੰ ਬਪਤਿਸਮਾ ਦਿੱਤਾ ਤਾਂ ਉਹ ਐਨਾ ਕਾਹਲ਼ਾ ਸੀ ਕਿ ਉਹਨੂੰ ਲਗਦਾ ਸੀ ਕਿ ਉਸ ਨੂੰ ਜਾਣਨ ਵਾਲੇ ਸਭ ਲੋਕ ਉਹਦੇ ਬਪਤਿਸਮਾ ਲੈਣ ਤੇ ਖ਼ੁਸ਼ ਹੋਣਗੇ; ਪਰ ਉਹਦੇ ਦੋਸਤਾਂ ਨੂੰ ਲੱਗਾ ਕਿ ਉਹ ਪਾਗਲ ਹੋ ਗਿਆ ਹੈ ਅਤੇ ਉਹਦੇ ਪਰਿਵਾਰ ਨੂੰ ਵੀ ਚੰਗਾ ਨਹੀਂ ਲੱਗਾ। ਇਹ ਸੋਚਦਿਆਂ ਕਿ ਸਭ ਨੂੰ ਨਵੇਂ ਨੇਮ ਦੀ ਸਿੱਖਿਆ ਨੂੰ ਮੰਨ ਲੈਣਾ ਚਾਹੀਦਾ ਹੈ, ਉਹਨੇ ਹਰ ਕਿਸੇ ਨੂੰ ਜਿਹਨੂੰ ਵੀ ਉਹ ਜਾਣਦਾ ਸੀ, ਮਸੀਹੀ ਬਣਾਉਣ ਦੀ ਕੋਸ਼ਸ਼ ਕੀਤੀ ਪਰ ਉਹ ਨਹੀਂ ਬਦਲੇ। ਹਰ ਵਾਰ ਇਸ ਜਵਾਨ ਨੂੰ ਹਾਰ ਹੀ ਮਿਲਦੀ ਪਰ ਉਹ ਉੱਠਦਾ ਅਤੇ ਫੇਰ ਕੋਸ਼ਸ਼ ਕਰਦਾ। ਆਪਣੇ ਧੀਰਜ ਕਾਰਣ, ਅੱਜ ਜਿਸ ਕਲੀਸੀਆ ਦਾ ਉਹ ਮੈਂਬਰ ਹੈ ਉੱਥੇ ਲੋਕਾਂ ਦੀ ਭਲਿਆਈ ਲਈ ਉਹ ਇਕ ਪ੍ਰਭਾਵਸ਼ਾਲੀ ਆਦਮੀ ਹੈ!

## ਅਤੀਤ ਦੀ ਰੁਕਾਵਟ (9:26-28)

ਯਰੂਸ਼ਲਮ ਨੂੰ ਜਾਂਦਿਆਂ, ਸੌਲੁਸ ਉਸ ਥਾਂ ਤੋਂ ਵੀ ਲੰਘਿਆ ਹੋਵੇਗਾ ਜਿੱਥੇ ਤਿੰਨ ਸਾਲ ਪਹਿਲਾਂ ਪ੍ਰਭੂ ਨੇ ਉਹਨੂੰ ਦਰਸ਼ਨ ਦਿੱਤਾ ਸੀ।[15] ਸਫ਼ਰ ਦੌਰਾਨ ਲਗਭਗ 140 ਮੀਲ ਦੇ ਬਾਅਦ, ਯਰੂਸ਼ਲਮ ਦੀ ਸ਼ਹਿਰਪਨਾਹ ਨਜ਼ਰ ਆਉਣ ਲੱਗੀ ਹੋਵੇਗੀ। ਉਹ ਕਲਵਰੀ ਪਹਾੜੀ ਲਾਗੋਂ ਦੀ ਵੀ ਲੰਘਿਆ ਹੋਵੇਗਾ ਜਿੱਥੇ ਇਸਤੀਫ਼ਾਨ ਨੂੰ ਪਥਰਾਅ ਕਰਕੇ ਮਾਰ ਸੁੱਟਿਆ ਗਿਆ ਸੀ। ਉਹ ਕਿੰਨਾ ਜਜ਼ਬਾਤੀ ਹੋਇਆ ਹੋਵੇਗਾ!

ਯਰੂਸ਼ਲਮ ਪਹੁੰਚਣ ਤਕ ਉਹਦਾ ਕੋਈ ਦੋਸਤ ਨਹੀਂ ਸੀ। ਉਹਦੇ ਪੁਰਾਣੇ ਯਹੂਦੀ ਸਾਥੀਆਂ ਨੂੰ ਹੁਣ ਉਹਦੇ ਨਾਲ ਕੋਈ ਮਤਲਬ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਪੱਕਾ ਯਕੀਨ ਨਹੀਂ ਸੀ ਕਿ ਉਹਨੇ ਯਹੂਦੀ ਧਰਮ ਛੱਡ ਦਿੱਤਾ *ਸੀ*! ''ਜਾਂ ਉਹ ਯਰੂਸ਼ਲਮ ਵਿਚ ਆਇਆ ਤਾਂ ਚੇਲਿਆਂ[16] ਵਿਚ ਰਲ ਜਾਣ ਦਾ ਯਤਨ ਕੀਤਾ ਪਰ ਸਭ ਉਸ ਤੋਂ ਡਰਦੇ ਸਨ ਕਿਉਂ ਜੋ ਉਨ੍ਹਾਂ ਉਹ ਦੇ ਚੇਲੇ ਹੋਣ ਨੂੰ ਸੱਚ ਨਾ ਮੰਨਿਆ''[17] (9:26)। ਉਹ ਸੌਲੁਸ ਦੇ ਰਸੂਲ ਹੋਣ ਤੇ ਹੀ ਨਹੀਂ ਸਗੋਂ ਉਹਦੇ ਮਸੀਹੀ ਹੋਣ ਤੇ ਵੀ ਸ਼ੱਕ ਕਰਦੇ ਸਨ! ਉਨ੍ਹਾਂ ਨੂੰ ਲੱਗਾ ਕਿ ਉਹਦਾ ''ਬਦਲਣਾ'' ਉਨ੍ਹਾਂ ਨੂੰ ਭਰੋਸੇ ਵਿਚ ਲੈਣ ਲਈ ਮੱਕਾਰੀ ਨਾਲ ਕੀਤਾ ਗਿਆ ਫ਼ਰੇਬ ਸੀ ਤਾਂ ਜੋ ਉਹ ਹਰ ਮਸੀਹੀ ਨੂੰ ਯਰੂਸ਼ਲਮ ਲਿਜਾ ਸਕੇ ਅਤੇ ਉਨ੍ਹਾਂ ਨੂੰ ਕੈਦ ਵਿਚ ਪਾ ਸਕੇ!

ਜੇ ਅਸੀਂ ਸੌਲੁਸ ਦੀ ਥਾਂ ਹੁੰਦੇ, ਤਾਂ ਸਾਡੇ ਵਿੱਚੋਂ ਬਹੁਤਿਆਂ ਨੂੰ ਕਹਿਣਾ ਸੀ, ''ਜੇ ਕਲੀਸੀਆ ਨੂੰ ਮੇਰੀ ਲੋੜ ਨਹੀਂ ਹੈ ਤਾਂ ਮੈਨੂੰ ਵੀ ਉਹਦੀ ਲੋੜ ਨਹੀਂ!'' ਅਤੇ ਅਸੀਂ ਦੁਖੀ ਭਾਵਨਾਵਾਂ ਨਾਲ ਸ਼ਹਿਰ ਨੂੰ ਛੱਡ ਕੇ ਚਲੇ ਗਏ ਹੁੰਦੇ! ਪਰ ਸੌਲੁਸ ਮਜ਼ਬੂਤ ਇਰਾਦੇ ਵਾਲਾ ਆਦਮੀ ਸੀ। ਅਖ਼ੀਰ ਉਹਨੂੰ ਇਕ ਦੋਸਤ ਮਿਲਿਆ ਜਿਹਨੂੰ ਉਪਦੇਸ਼ ਦਾ ਪੁੱਤਰ ਕਿਹਾ ਜਾਂਦਾ ਸੀ (4:36)। ਬਰਟਨ ਕਾਫ਼ਮੈਨ ਨੇ ਲਿਖਿਆ ਹੈ ਕਿ ਹੈਰਾਨੀ ਦੀ ਗੱਲ ਇਹ ਨਹੀਂ ਕਿ ਕਲੀਸੀਆ ਨੇ ਸੌਲੁਸ ਨੂੰ ਕਬੂਲ ਨਹੀਂ ਕੀਤਾ ਸਗੋਂ ''ਬਹੁਤੀ ਹੈਰਾਨੀ ਦੀ ਗੱਲ ਇਹ ਹੈ ...

ਕਿ ਉਹਨੂੰ ਇਕ ਅਜਿਹਾ ਆਦਮੀ ਮਿਲਿਆ ... ਜਿਸ ਨੇ ਪੂਰੀ ਤਰ੍ਹਾਂ ਯਕੀਨ ਕਰਕੇ ਉਸ ਨੂੰ ਸਾਰੀ ਕਲੀਸੀਆ ਨਾਲ ਮਿਲਾਉਣ ਦੀ ਹਿੰਮਤ ਕੀਤੀ।''[18] ਇਹ ਆਦਮੀ ਬਰਨਬਾਸ ਹੀ ਸੀ:

> ਪਰ ਬਰਨਬਾਸ ਉਹ ਨੂੰ ਰਸੂਲਾਂ ਦੇ ਕੋਲ ਲੈ ਗਿਆ[19] ਅਤੇ ਉਨ੍ਹਾਂ ਨੂੰ ਦੱਸਿਆ ਭਈ ਉਹ ਨੇ ਕਿਸ ਪ੍ਰਕਾਰ ਰਾਹ ਵਿਚ ਪ੍ਰਭੂ ਯਿਸੂ ਨੂੰ ਡਿੱਠਾ ਸੀ[20] ਅਤੇ ਉਸ ਨੇ ਉਹ ਦੇ ਨਾਲ ਗੱਲਾਂ ਕੀਤੀਆਂ ਅਤੇ ਉਹ ਕਿਸ ਤਰ੍ਹਾਂ ਦਮਿਸ਼ਕ ਵਿਚ ਯਿਸੂ ਦੇ ਨਾਮ ਉੱਤੇ ਬੇਧੜਕ ਬਚਨ ਕਰਦਾ ਸੀ (ਆਇਤ 27)।

ਬਰਨਬਾਸ ਨੂੰ ਸੌਲੁਸ ਬਾਰੇ ਐਨੀ ਜਾਣਕਾਰੀ ਕਿੱਥੋਂ ਮਿਲੀ? ਕਈ ਲੋਕਾਂ ਦਾ ਅਨੁਮਾਨ ਹੈ ਕਿ ਬਰਨਬਾਸ ਸੌਲੁਸ ਨੂੰ ਉਹਦੇ ਮਸੀਹੀ ਬਣਨ ਤੋਂ ਪਹਿਲਾਂ ਜਾਣਦਾ ਸੀ। ਬਰਨਬਾਸ ਕੁਪਰੁਸ ਦਾ ਰਹਿਣ ਵਾਲਾ ਸੀ (4:36) ਅਤੇ ਕੁਪਰੁਸ ਕਿਲਕੀਆ ਤੋਂ ਬਹੁਤਾ ਦੂਰ ਨਹੀਂ ਸੀ।[21] ਉਹ ਸੌਲੁਸ ਨੂੰ ਯਰੂਸ਼ਲਮ ਵਿਚ ਪਹਿਲਾਂ ਵੀ ਮਿਲਿਆ ਹੋਵੇਗਾ। ਕਈ ਲੋਕਾਂ ਦਾ ਵਿਚਾਰ ਹੈ ਕਿ ਬਰਨਬਾਸ ਦਮਿਸ਼ਕ ਵਿਚ ਗਿਆ ਅਤੇ ਉੱਥੋਂ ਉਹਨੇ ਸੌਲੁਸ ਬਾਰੇ ਜਾਣਕਾਰੀ ਹਾਸਲ ਕੀਤੀ।[22] ਸ਼ਾਇਦ ਸਭ ਤੋਂ ਵਧੀਆ ਵਿਆਖਿਆ ਇਹ ਹੈ ਕਿ ਬਰਨਬਾਸ ਇਕ ਅਜਿਹਾ ਆਦਮੀ ਸੀ ਜੋ ਲੋਕਾਂ ਦੀ ਭਲਾਈ ਵਿਚ ਯਕੀਨ ਰੱਖਦਾ ਸੀ ਅਤੇ ਹਮੇਸ਼ਾ ਉਨ੍ਹਾ ਦੀ ਹੌਸਲਾ ਅਫ਼ਜਾਈ ਕਰਨਾ ਚਾਹੁੰਦਾ ਸੀ![23] ਬਰਨਬਾਸ ਨੇ ਸੌਲੁਸ ਦੀ ਹਮਾਇਤ ਲਈ ਆਪਣੀ ਪ੍ਰਸਿੱਧੀ ਅਤੇ ਸਾਖ ਦੀ ਵਰਤੋਂ ਕੀਤੀ।

ਉਸ ਸਮੇਂ ਤਕ ਪੌਲੁਸ ਨੇ ਕੋਈ ਮਿਸ਼ਨਰੀ ਯਾਤਰਾ ਨਹੀਂ ਕੀਤੀ ਸੀ ਭਾਵ ਉਹਨੇ ਆਪਣੀਆਂ ਤੇਰਾਂ ਜਾਂ ਚੌਦਾਂ[24] ਪੱਤਰੀਆਂ ਵਿੱਚੋਂ ਅਜੇ ਇਕ ਵੀ ਨਹੀਂ ਲਿਖੀ ਸੀ। ਜੇ ਬਰਨਬਾਸ ਉੱਥੇ ਨਾ ਹੁੰਦਾ ਤਾਂ ਰੂਹਾਨੀ ਤੌਰ ਤੇ ਅਸੀਂ ਕਿੰਨੇ ਕਮਜ਼ੋਰ ਹੁੰਦੇ! ਸਾਨੂੰ ਕਿੰਨੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹ ਰਸੂਲਾਂ ਨੂੰ ਸਮਝਾ ਸਕਿਆ ਸੀ ਅਤੇ ਰਸੂਲ ਯਰੂਸ਼ਲਮ ਦੇ ਬਾਕੀ ਮਸੀਹੀ ਲੋਕਾਂ ਨੂੰ ਸਮਝਾ ਸਕੇ ਸਨ।

ਜਦ ਸੌਲੁਸ ਸ਼ਹਿਰ ਵਿਚ ਸੀ ਤਾਂ ਪਤਰਸ ਨੇ ਉਹਨੂੰ ਆਪਣੇ ਘਰ ਠਹਿਰਣ ਦਾ ਸੱਦਾ ਦਿੱਤਾ (ਗਲਾਤੀਆਂ 1:18)। ''ਤਦ ਉਹ ਉਨ੍ਹਾਂ ਦੇ ਨਾਲ ਯਰੂਸ਼ਲਮ ਵਿਚ ਆਉਂਦਾ ਜਾਂਦਾ ਰਿਹਾ। ਅਤੇ ਪ੍ਰਭੂ ਦੇ ਨਾਮ ਤੇ ਬੇਧੜਕ ਬਚਨ ਕਰਦਾ ਸੀ'' (9:28, 29)। ਛੇਤੀ ਹੀ ਇਲਾਕੇ ਦੀਆਂ ਸਭ ਕਲੀਸੀਆਵਾਂ ਵਿਚ ਖਬਰ ਫ਼ੈਲ ਗਈ ਕਿ ''ਜਿਹੜਾ ਸਾਨੂੰ ਅੱਗੇ ਸਤਾਉਂਦਾ ਸੀ ਉਹ ਹੁਣ ਉਸ ਨਿਹਚਾ ਦੀ ਖੁਸ਼ਖ਼ਬਰੀ ਸੁਣਾਉਂਦਾ ਹੈ ਜਿਹ ਨੂੰ ਅੱਗੇ ਬਰਬਾਦ ਕਰਦਾ ਸੀ'' (ਗਲਾਤੀਆਂ 1:23)।[25]

*ਸੌਲੁਸ ਨੇ ਸਬਰ ਨਾਲ ਅਤੀਤ ਦੀ ਰੁਕਾਵਟ ਨੂੰ ਦੂਰ ਕੀਤਾ*। ਉਹਨੇ ਸਮਝ ਲਿਆ ਕਿ ਮਸੀਹੀ ਲੋਕ ਉਸ ਤੋਂ ਚੁਕੰਨੇ ਕਿਉਂ ਸਨ। ਉਹਨੂੰ ਪਤਾ ਸੀ ਕਿ ਇਕ ਵਾਰ ਗਿਆ ਵਿਸ਼ਵਾਸ ਦੁਬਾਰਾ ਹਾਸਲ ਕਰਨ ਲਈ ਕਿੰਨਾ ਸਮਾਂ ਲਗਦਾ ਹੈ। ਉਹਨੇ ਠੁਕਰਾਏ ਜਾਣ ਨੂੰ ਆਪਣੇ ਮਕਸਦ ਵਿਚ ਰੁਕਾਵਟ ਨਹੀਂ ਬਣਨ ਦਿੱਤਾ ਜਿਸ ਕਰਕੇ ਅਖ਼ੀਰ ਵਿਚ ਉਹਨੂੰ ਕਬੂਲ ਕਰ ਲਿਆ ਗਿਆ। ਇਹ ਹੋ ਸਕਦਾ ਹੈ ਕਿ ਤੁਹਾਡਾ ਇਕ ਅਤੀਤ ਹੋਵੇ ਜਿਸ ਨੂੰ ਭੁਲਾ ਦਿੱਤਾ ਜਾਣਾ ਚਾਹੀਦਾ ਹੈ। ਆਪਣੇ ਭਾਈਆਂ ਨਾਲ ਸਹਿਣਸ਼ੀਲ ਬਣੋ। ਜੋ ਲੋਕ ਮੰਜ਼ੂਰੀ ਲਈ ਆਸ ਲਾਏ ਬੈਠੇ ਹਨ ਅਤੇ ਜੋ ਇਸ ਨੂੰ ਕੁਰਬਾਨੀ ਦੇ ਰੂਪ ਵਿਚ ਭੇਂਟ ਕਰ ਸਕਦੇ ਹਨ, ਉਨ੍ਹਾਂ ਲਈ ਅਫ਼ਸੀਆਂ 4:1, 2, ਵਿਚ ਪੌਲੁਸ ਦੀ ਸਲਾਹ ਹੈ: ''ਉਪਰੰਤ ਮੈਂ ਜੋ ਪ੍ਰਭੂ ਦੇ ਨਮਿੱਤ ਕੈਦੀ ਹਾਂ ਤੁਹਾਡੇ ਅੱਗੇ ਇਹ

ਬੇਨਤੀ ਕਰਦਾ ਹਾਂ ਜੋ ਤੁਸੀਂ ਜਿਸ ਸੱਦੇ ਨਾਲ ਸੱਦੇ ਹੋਏ ਹੋ ਉਹ ਦੇ ਯੋਗ ਚਾਲ ਚੱਲੋ। ਅਰਥਾਤ ਪੂਰਨ ਅਧੀਨਗੀ, ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇਕ ਦੂਜੇ ਦੀ ਸਹਿ ਲਵੋ।''

## ਜ਼ਿਦ ਦੀ ਰੁਕਾਵਟ (9:29, 30; 22:17-21)

ਯਰੂਸ਼ਲਮ ਵਿਚ ਵਚਨ ਸੁਣਾਉਣ ਦੇ ਬਾਅਦ ਸੌਲੁਸ ਨੇ ਸਭ ਤੋਂ ਪਹਿਲਾਂ ਯੂਨਾਨੀ ਭਾਸ਼ਾ ਬੋਲਣ ਵਾਲਿਆਂ ਦੇ ਪ੍ਰਾਰਥਨਾ ਭਵਨਾਂ ਵਿਚ ਪ੍ਰਚਾਰ ਕੀਤਾ,[26] ਜਿੱਥੇ ਇਸਤੀਫ਼ਾਨ ਪਹਿਲਾਂ ਪ੍ਰਚਾਰ ਕਰ ਚੁੱਕਿਆ ਸੀ।[27] ਉੱਥੇ ਉਹਦਾ ਕੰਮ ਅਧੂਰਾ ਸੀ: ''ਅਤੇ ਯੂਨਾਨੀ ਯਹੂਦੀਆਂ ਨਾਲ ਗੱਲਾਂ ਅਤੇ ਬਹਿਸ ਕਰਦਾ ਸੀ'' (9:29)। ਯੂਨਾਨੀ ਸ਼ਬਦ ਦਾ ਅਨੁਵਾਦ ''ਬਹਿਸ'' ਰਸੂਲਾਂ ਦੇ ਕੰਮ ਕਿਤਾਬ ਵਿਚ ਰਸੂਲਾਂ ਦੇ ਕੰਮ 6 ਅਧਿਆਇ ਵਿਚ ਸਿਰਫ਼ ਇੱਕੋ ਵਾਰ ਮਿਲਦਾ ਹੈ ਜਿੱਥੇ ਅਸੀਂ ਪੜ੍ਹਦੇ ਹਾਂ ਕਿ ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀ ''ਇਸਤੀਫ਼ਾਨ ਨਾਲ ਬਹਿਸ ਕਰਨ ਲੱਗੇ'' (6:9)। ਜੋ ਕੰਮ ਇਸਤੀਫ਼ਾਨ ਨੇ ਸ਼ੁਰੂ ਕੀਤਾ ਸੀ, ਉਸ ਨੂੰ ਪੂਰਾ ਕਰਨ ਲਈ ਸੌਲੁਸ ਆ ਗਿਆ ਸੀ।

ਯੂਨਾਨੀ ਭਾਸ਼ਾ ਬੋਲਣ ਵਾਲਿਆਂ ਦਾ ਪ੍ਰਾਰਥਨਾ ਭਵਨ (ਸਮਾਜ) ਸੌਲੁਸ ਲਈ ਬੇਹੱਦ ਖ਼ਤਰਨਾਕ ਸੀ। ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀ ਜਦ ਇਸਤੀਫ਼ਾਨ ਦਾ ਜਵਾਬ ਨਾ ਦੇ ਸਕੇ, ਤਾਂ ਉਹ ਉਸ ਨਾਲ ਨਫ਼ਰਤ ਕਰਨ ਲੱਗੇ ਅਤੇ ਉਨ੍ਹਾਂ ਨੇ ਉਸ ਨੂੰ ਮਾਰ ਦਿੱਤਾ। ਸੌਲੁਸ ਪ੍ਰਤੀ ਉਨ੍ਹਾਂ ਦੀ ਨਫ਼ਰਤ ਉਸ ਤੋਂ ਵੀ ਵੱਧ ਸੀ ਕਿਉਂਕਿ ਉਨ੍ਹਾਂ ਦੇ ਖ਼ਿਆਲ ਮੁਤਾਬਕ ਉਹ ਆਪਣੀ ਕੌਮ ਨੂੰ ਛੱਡ ਕੇ ਉਹਦੇ ਨਾਲ ਧੋਖਾ ਕਰਨ ਵਾਲਾ ਸੀ ਜਿਸ ਨੇ ਉਸ ਵਿਸ਼ਵਾਸ ਨੂੰ ਤਿਆਗ ਕੇ ਉਨ੍ਹਾਂ ਨਾਲ ਦਗ਼ਾ ਕੀਤਾ ਸੀ![28] ਇਸ ਲਈ ਸਾਨੂੰ ਇਹ ਪੜ੍ਹ ਕੇ ਹੈਰਾਨੀ ਨਹੀਂ ਹੁੰਦੀ, ''ਪਰ ਉਨ੍ਹਾਂ ਉਸ ਦੇ ਮਾਰ ਸੁੱਟਣ ਨੂੰ ਲੱਕ ਬੱਧਾ'' (9:29)! ਸੌਲੁਸ ਨੂੰ ਦਮਿਸ਼ਕ ਅਤੇ ਅਰਬ ਵਿਚ ਲੋਕਾਂ ਨੂੰ ਐਨਾ ਗੁੱਸਾ ਦੁਆਉਣ ਵਿਚ ਕਿ ਉਹ ਉਸ ਨੂੰ ਮਾਰ ਸੁੱਟਣ, ਤਿੰਨ ਸਾਲ ਲੱਗੇ ਸਨ। ਯਰੂਸ਼ਲਮ ਵਿਚ ਉਹਨੂੰ ਸਿਰਫ਼ ਦੋ ਹਫ਼ਤੇ ਹੀ ਲੱਗੇ (ਗਲਾਤੀਆਂ 1:18)।

ਇਕ ਵਾਰ ਫੇਰ ਖ਼ੁਦਾ ਦੇ ਇੰਤਜਾਮ ਨਾਲ ਚਾਲ ਪਤਾ ਲਗ ਗਈ; ਅਤੇ ਫੇਰ ਖ਼ੁਦਾ ਦੇ ਇੰਤਜ਼ਾਮ ਨਾਲ ਹੀ ਸੌਲੁਸ ਨੂੰ ਮਸੀਹੀ ਦੋਸਤ ਮਿਲ ਗਏ ਜਿਨ੍ਹਾਂ ਨੇ ਉਸ ਨੂੰ ਬਚਾ ਲਿਆ। ਅਸੀਂ ਪੜ੍ਹਦੇ ਹਾਂ, ''ਜਾਂ ਭਾਈਆਂ ਨੂੰ ਇਹ ਮਲੂਮ ਹੋਇਆ ਤਾਂ ਉਹ ਉਸ ਨੂੰ ਕੈਸਰੀਆ ਵਿਚ ਲਿਆਏ ਅਤੇ ਤਰਸੁਸ ਦੀ ਵੱਲ ਤੋਰ ਦਿੱਤਾ'' (9:30)। ਕੈਸਰੀਆ ਫ਼ਲਸਤੀਨ ਵਿਚ ਯਰੂਸ਼ਲਮ ਦੇ ਉੱਤਰ ਪੱਛਮ ਵੱਲ ਸੱਤਰ ਕੁ ਮੀਲ ਦੂਰ ਇਕ ਬੰਦਰਗਾਹ ਸੀ।[29] ਤਰਸੁਸ ਸੌਲੁਸ ਦਾ ਜੱਦੀ ਸ਼ਹਿਰ ਸੀ।[30]

ਰਸੂਲਾਂ ਦੇ ਕੰਮ 22 ਤੋਂ ਸਾਨੂੰ ਯਰੂਸ਼ਲਮ ਤੋਂ ਉਸ ਦੇ ਜਾਣ ਬਾਰੇ ਵਿਸਤਾਰ ਵਿਚ ਜਾਣਕਾਰੀ ਮਿਲਦੀ ਹੈ ਜਿਹਦਾ ਜ਼ਿਕਰ ਰਸੂਲਾਂ ਦੇ ਕੰਮ 9 ਵਿਚ ਨਹੀਂ ਦਿੱਤਾ ਗਿਆ।[31] ਰਸੂਲਾਂ ਦੇ ਕੰਮ 22 ਵਿਚ ਪੌਲੁਸ ਨੇ ਜ਼ੋਰ ਦਿੱਤਾ ਕਿ ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀਆਂ ਵੱਲੋਂ ਉਸ ਨੂੰ ਮਾਰ ਦੇਣ ਦੀ ਇੱਛਾ ਕਰਨ ਤੇ, ਉਹਦੇ ਹੱਥ ਵਿਚ ਹੁੰਦਾ ਤਾਂ ਉਹ ਯਰੂਸ਼ਲਮ ਵਿਚ ਹੀ ਠਹਿਰਦਾ:

> ਅਤੇ ਐਉਂ ਹੋਇਆ ਕਿ ਜਾਂ ਮੈਂ ਯਰੂਸ਼ਲਮ ਨੂੰ ਮੁੜਿਆ ਤਾਂ ਹੈਕਲ ਵਿਚ ਪ੍ਰਾਰਥਨਾ ਕਰਦੇ ਹੋਏ ਮੈਂ ਬੇਸੁਧ ਹੋ ਗਿਆ।[32] ਅਤੇ ਉਹ ਨੂੰ ਵੇਖਿਆ ਜੋ ਮੈਨੂੰ ਆਖਦਾ ਸੀ ਕਿ ਛੇਤੀ ਕਰ ਅਤੇ ਯਰੂਸ਼ਲਮ ਤੋਂ ਸ਼ਤਾਬੀ ਨਿੱਕਲ ਜਾ ਕਿਉਂ ਜੋ ਉਹ ਮੇਰੇ ਹੱਕ ਵਿਚ

> ਤੇਰੀ ਸਾਖੀ ਨਾ ਮੰਨਣਗੇ। ਮੈ ਆਖਿਆ, ਹੇ ਪ੍ਰਭੂ ਉਹ ਆਪ ਜਾਣਦੇ ਹਨ ਜੋ ਮੈਂ ਉਨ੍ਹਾਂ ਨੂੰ ਜਿਨ੍ਹਾਂ ਤੇਰੇ ਉੱਤੇ ਨਿਹਚਾ ਕੀਤੀ ਕੈਦ ਕਰਦਾ ਅਤੇ ਹਰੇਕ ਸਮਾਜ ਵਿਚ ਮਾਰਦਾ ਸਾਂ। ਅਰ ਜਾਂ ਤੇਰੇ ਸ਼ਹੀਦ ਇਸਤੀਫ਼ਾਨ ਦਾ ਖ਼ੂਨ ਵਹਾਇਆ ਗਿਆ ਤਾਂ ਮੈਂ ਭੀ ਕੋਲ ਖੜਾ ਅਤੇ ਰਾਜ਼ੀ ਸਾਂ ਅਤੇ ਉਹਦੇ ਖ਼ੂਨੀਆਂ ਦੇ ਬਸਤਰਾਂ ਦੀ ਰਾਖੀ ਕਰਦਾ ਸਾਂ। ਤਾਂ ਓਨ ਮੈਨੂੰ ਆਖਿਆ ਕਿ ਤੁਰ ਜਾ ਕਿਉਂ ਜੋ ਮੈਂ ਤੈਨੂੰ ਦੂਰ ਵਾਟ ਪਰਾਈਆਂ ਕੌਮਾਂ ਦੇ ਕੋਲ ਘੱਲਾਂਗਾ (22:17-21)।

ਪਹਿਲੀ ਅਤੇ ਆਖ਼ਰੀ ਵਾਰ ਸੌਲੁਸ ਨੇ ਪ੍ਰਭੂ ਨਾਲ ਬਹਿਸ ਕੀਤੀ ਸੀ। ''ਲਗਦਾ ਹੈ ਕਿ ਮੈਂ ਉਹਨੂੰ ਸਮਝਾ ਸਕਦਾ ਹਾਂ!'' ਉਹਨੇ ਸੋਚ ਸਮਝ ਕੇ ਸੰਖੇਪ ਵਿਚ ਕਿਹਾ, ''ਅਤੇ ਜੇ ਮੈਂ ਨਹੀਂ ਸਮਝਾ ਸਕਿਆ ਤਾਂ ਮੈਂ ਇਸਤੀਫ਼ਾਨ ਵਾਗ ਹੀ ਉਹਦੇ ਲਈ ਮਰਨ ਨੂੰ ਵੀ ਤਿਆਰ ਹਾਂ!''[33] ਪਰ ਪ੍ਰਭੂ ਨੇ ਜਵਾਬ ਦਿੱਤਾ, ''ਮੈਂ ਤੇਰੀ ਮੌਤ ਵਾਸਤੇ ਤਿਆਰ ਨਹੀਂ ਹਾਂ! ਤੂੰ ਅਜੇ ਤਾਂ ਗੈਰ ਕੌਮਾਂ ਵਿਚ ਪ੍ਰਚਾਰ ਕਰਨਾ ਹੈ। ਇੱਥੇ ਤੂੰ ਬਹੁਤਾ ਕੁਝ ਨਹੀਂ ਕਰ ਸਕਦਾ। ਇਸ ਸ਼ਹਿਰ ਨੂੰ ਛੱਡ ਦੇ, ਅਤੇ ਦੇਰ ਨਾ ਕਰ!'' ਸੌਲੁਸ ਨੇ ਬਹਿਸ ਕਰਨੀ ਬੰਦ ਕਰ ਦਿੱਤੀ ਅਤੇ ਪ੍ਰਭੂ ਦੀ ਗੱਲ ਮੰਨ ਲਈ। ਉਹਨੇ *ਜ਼ਿੱਦ ਦੀ ਰੁਕਾਵਟ ਨੂੰ ਸਮਰਪਣ ਰਾਹੀਂ ਪਾਰ ਕਰ ਲਿਆ!*

ਕਿਸੇ ਨਵੇਂ ਮਸੀਹੀ ਨੂੰ ਜੋ ਬਹੁਤ ਅਹਿਮ ਸੁਝਾਅ ਮੈਂ ਦੇ ਸਕਦਾ ਹਾਂ ਉਹ ਇਹ ਹੈ ਕਿ ਪ੍ਰਭੂ ਤੇ ਭਰੋਸਾ ਰੱਖਣਾ ਸਿੱਖੋ ਅਤੇ ਉਹਦੀ *ਸਮਝ* ਤੇ ਨਿਰਭਰ ਰਹੋ! ਜੇ ਖ਼ੁਦਾ ਤੁਹਾਨੂੰ ਆਪਣੇ ਵਚਨ ਵਿਚ ਕੁਝ ਕਰਨ ਦਾ ਹੁਕਮ ਦਿੰਦਾ ਹੈ, ਤਾਂ ਉਹ ਸਹੀ ਹੈ, ਭਾਵੇਂ ਤੁਹਾਨੂੰ ਉਹਦੇ ਹੁਕਮ ਦੀ ਵਜ੍ਹਾ ਸਮਝ ਆਵੇ ਤੇ ਭਾਵੇਂ ਨਾ। ਬਿਨਾਂ ਸਵਾਲ ਕੀਤੇ ਉਹਦੀ ਗੱਲ ਮੰਨਣਾ ਸਿੱਖੋ ਅਤੇ ਫਿਰ ਉਹਦੇ ਭਰੋਸੇ ਤੇ ਨਿਰਭਰ ਰਹੋ ਤਾਂ ਜੋ ਉਹ ਤੁਹਾਨੂੰ ਬਰਕਤ ਦੇਵੇ!

## ਨਿਰਾਸ਼ਾ ਦੀ ਰੁਕਾਵਟ (9:30)

ਸ਼ਾਇਦ ਤਰਸੁਸ ਵਿਚ ਪਹੁੰਚ ਕੇ ਸੌਲੁਸ ਨਿਰਾਸ਼ ਹੋ ਚੁਕਿਆ ਸੀ। ਉਹਨੇ ਯਰੂਸ਼ਲਮ ਵਿਚ ਆਪਣੇ ਪੁਰਾਣੇ ਸਾਥੀਆਂ ਵਿਚ ਪ੍ਰਚਾਰ ਕਰਨਾ ਚਾਹਿਆ ਸੀ, ਪਰ ਪ੍ਰਭੂ ਨੇ ਕਿਹਾ ਸੀ, ''ਸ਼ਹਿਰ ਵਿੱਚੋਂ ਫ਼ੌਰਨ ਨਿੱਕਲ ਜਾ।'' ਉਹਨੇ ਉੱਥੇ ਕੰਮ ਕਰਨਾ ਸੀ ਜਿੱਥੇ ਕਲੀਸੀਆ ਵਿਚ ਲੂੰ-ਕੰਢੇ ਖੜੇ ਕਰਨ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਸਨ ਪਰ ਭਾਈਆਂ ਨੇ ਉਹਨੂੰ ਘਰ ਭੇਜ ਦਿੱਤਾ ਸੀ! ਕਈ ਵਾਰ ਅਸੀਂ ਆਪਣੀ ਰੂਹਾਨੀ ਜ਼ਿੰਦਗੀ ਵਿਚ ਨਿਰਾਸ਼ ਹੋ ਜਾਂਦੇ ਹਾਂ ਕਿਉਂਕਿ ਸਾਡੇ ਕੁਝ ਖ਼ਾਬ ਅਤੇ ਕੁਝ ਯੋਜਨਾਵਾਂ ਹੁੰਦੀਆਂ ਹਨ ਜੋ ਪੂਰੇ ਨਹੀਂ ਹੋ ਪਾਉਂਦੇ। ਮੈਂ ਕਈ ਲੋਕਾਂ ਨੂੰ ਜਾਣਦਾ ਹਾਂ ਜੋ ਐਨੇ ਨਿਰਾਸ਼ ਹੋ ਗਏ ਕਿ ਉਨ੍ਹਾਂ ਨੇ ਆਪਣਾ ਕੰਮ ਵਿੱਚੇ ਛੱਡ ਦਿੱਤਾ। ਸੌਲੁਸ ਨੇ ਇੰਜ ਨਹੀਂ ਕੀਤਾ। *ਉਹਨੇ ਵਿਸ਼ਵਾਸੀ ਬਣੇ ਰਹਿ ਕੇ ਨਿਰਾਸ਼ਾ ਦੀ ਰੁਕਾਵਟ ਨੂੰ ਪਾਰ ਕਰ ਲਿਆ।*

ਮੈਨੂੰ ਯਕੀਨ ਹੈ ਕਿ ਸੌਲੁਸ ਦਾ ਤਰਸੁਸ ਵਿਚ ਸੱਤ ਸਾਲ ਤਕ ਰਹਿਣਾ, ਮਹਾਨ ਮਿਸ਼ਨਰੀ ਕੰਮ ਲਈ ਉਹਨੂੰ ਤਿਆਰ ਕਰਨ ਵਾਸਤੇ ਪ੍ਰਭੂ ਦੀ ਯੋਜਨਾ ਦਾ ਇਕ ਭਾਗ ਸੀ। ਤਰਸੁਸ ਵਿਚ, ਸੌਲੁਸ ਨੂੰ ਆਪਣੇ ਪਰਿਵਾਰ ਅਤੇ ਸਾਥੀਆਂ ਨੂੰ ਖੁਸ਼ਖ਼ਬਰੀ ਸੁਣਾਉਣ ਦਾ ਮੌਕਾ ਮਿਲਿਆ ਸੀ।[34] ਭਾਵੇਂ ਉਹਨੇ ਉਨ੍ਹਾਂ ਸਭ ਨੂੰ ਨਹੀਂ ਬਦਲਿਆ ਸੀ,[35] ਪਰ ਇਹ ਜ਼ਰੂਰੀ ਸੀ ਕਿ ਉਹ ਆਪਣੇ ਸਭ ਤੋਂ ਨਜ਼ਦੀਕੀ ਲੋਕਾਂ ਵਿਚ ਆਪਣੇ ਇਸ ਨਵੇਂ ਵਿਸ਼ਵਾਸ ਬਾਰੇ ਦੱਸੇ।

ਫਿਰ ਸੌਲੁਸ ਨੂੰ ਤਰਸੁਸ ਵਿਚ ਕਲੀਸੀਆਵਾਂ ਕਾਇਮ ਕਰਨ ਦੀ ਆਪਣੀ ਕਾਬਲੀਅਤ ਨੂੰ ਸੁਆਰਨ ਦਾ ਵੀ ਮੌਕਾ ਮਿਲਿਆ। ਯਰੂਸ਼ਲਮ ਤੋਂ ਨਿੱਕਲ ਕੇ ਉਹ ''ਸੀਰੀਆ ਅਤੇ ਕਿਲਕੀਆ ਦੇ

ਇਲਾਕਿਆਂ ਵਿਚ ਗਿਆ'' (ਗਲਾਤੀਆਂ 1:21)।[36] ਬਾਅਦ ਵਿਚ, ਪੌਲੁਸ ਅਤੇ ਸੀਲਾਸ ਦੂਜੀ ਮਿਸ਼ਨਰੀ ਯਾਤਰਾ ਸ਼ੁਰੂ ਕਰਨ ਲੱਗਿਆਂ ''ਸੀਰੀਆ ਅਤੇ ਕਿਲਕੀਆ ਵਿਚ ਫਿਰਦਿਆਂ ਹੋਇਆਂ ਕਲੀਸੀਆ ਨੂੰ ਤਕੜੇ'' ਕਰਦੇ ਗਏ (15:41)। ਉਹ ਮੰਡਲੀਆਂ ਪਹਿਲੀ ਮਿਸ਼ਨਰੀ ਯਾਤਰਾ ਦੇ ਨਕਸ਼ੇ ਵਿਚ ਨਹੀਂ ਸਨ; ਸ਼ਾਇਦ ਉਹ ਤਰਸੁਸ ਵਿਚ ਸੌਲੁਸ ਦੀ ਸੇਵਕਾਈ ਦੌਰਾਨ ਬਣੀਆਂ।

ਇਹਦੇ ਇਲਾਵਾ ਸੌਲੁਸ ਨੇ ਤਰਸੁਸ ਵਿਚ ਸਹਿਨਸ਼ੀਲਤਾ ਸਿੱਖੀ। ਦਮਿਸ਼ਕ ਦੇ ਰਾਹ ਵਿਚ, ਪ੍ਰਭੂ ਨੇ ਸੌਲੁਸ ਨੂੰ ਦੱਸਿਆ ਕਿ ਉਹ ਪਰਾਈਆਂ ਕੌਮਾਂ ਵਿਚ ਖੁਸ਼ਖ਼ਬਰੀ ਪਹੁੰਚਾਏਗਾ (26:15-18; ਤੁਲਨਾ 9:15; 22:15)। ਤਿੰਨ ਸਾਲ ਬਾਅਦ, ਯਰੂਸ਼ਲਮ ਵਿਚ ਪ੍ਰਭੂ ਨੇ ਫੇਰ ਉਹੀ ਚੁਣੌਤੀ ਦੁਹਰਾਈ (22:21)। ਪਰ ਇਹ ਪਰਾਈਆਂ ਕੌਮਾਂ ਵਿਚ ਸੌਲੁਸ ਦੇ ਪਹਿਲੇ ਪ੍ਰਚਾਰ ਤੋਂ ਪਹਿਲਾਂ ਦੇ ਸੱਤ ਹੋਰ ਸਾਲ ਸਨ![37] ਸੌਲੁਸ ਨੇ ''ਯਹੋਵਾਹ ਨੂੰ ਉਡੀਕਣਾ'' ਸਿੱਖਣਾ ਸੀ (ਜ਼ਬੂਰਾਂ ਦੀ ਪੋਥੀ 37:9)।[38]

ਅਖ਼ੀਰ ਵਿਚ, ਮੈਨੂੰ ਯਕੀਨ ਹੈ ਕਿ ਸੌਲੁਸ ਨੇ ਦੁੱਖ ਸਹਿਣਾ ਤਰਸੁਸ ਵਿਚ ਸਿੱਖਿਆ। ਬਾਅਦ ਵਿਚ ਉਹਨੇ ਬਾਰ-ਬਾਰ ਕੈਦ ਹੋਣ, ਯਹੂਦੀਆਂ ਤੋਂ ਕੋੜੇ ਖਾਣ, ਰੋਮੀਆਂ ਤੋਂ ਬੈਂਤ ਖਾਣ ਅਤੇ ਤਿੰਨ ਵਾਰ ਜਹਾਜ਼ਾਂ ਦੇ ਟੁੱਟਣ ਬਾਰੇ ਲਿਖਿਆ।[39] ਸੌਲੁਸ ਨੇ ਉਨ੍ਹਾਂ ਮੁਸੀਬਤਾਂ ਬਾਰੇ ਲਿਖਿਆ, ਲੂਕਾ ਨੇ ਸਿਰਫ਼ ਇੱਕੋ ਰੋਮੀ ਮਾਰ ਬਾਰੇ (16:22, 23), ਇਕ ਵਾਰ ਕੈਦ ਹੋਣ (16:23) ਬਾਰੇ ਹੀ ਲਿਖਿਆ, ਪਰ ਕਿਸੇ ਯਹੂਦੀ ਮਾਰ ਅਤੇ ਜਹਾਜ਼ਾਂ ਦੇ ਟੁੱਟਣ ਦੀ ਗੱਲ ਨਹੀਂ ਲਿਖੀ।[40] ਜ਼ਬਾਨੀ ਘਟਨਾਵਾਂ ਵਿਚ ਬਹੁਤੀਆਂ ਨਹੀਂ ਤਾਂ ਕੁਝ ਤਾਂ ਜ਼ਰੂਰ ਸੌਲੁਸ ਦੀ ਕਿਲਕੀਆ ਅਤੇ ਸੀਰੀਆ ਦੀ ਸੇਵਕਾਈ ਦੇ ਸੱਤ ਸਾਲਾਂ ਦੌਰਾਨ ਵਾਪਰੀਆਂ ਹੋਣਗੀਆਂ।[41] ਸੌਲੁਸ ਅਧਿਆਇ 11 ਵਿਚ ਸਲੀਬ ਦੇ ਇਕ ਤਜਰਬੇਕਾਰ ਸਿਪਾਹੀ ਦੇ ਰੂਪ ਵਿਚ ਫੇਰ ਵਿਖਾਈ ਦੇਵੇਗਾ, ਜੋ ਪ੍ਰਭੂ ਵੱਲੋਂ ਸੌਂਪੇ ਗਏ ਕਿਸੇ ਵੀ ਕੰਮ ਨੂੰ ਕਰਨ ਲਈ ਅਤੇ ਸ਼ੈਤਾਨ ਵੱਲੋਂ ਉਹਦੇ ਵੱਲ ਸੁੱਟੀ ਕਿਸੇ ਵੀ ਬੁਰਾਈ ਨੂੰ ਝਲਣ ਲਈ ਤਿਆਰ ਹੈ!

ਸੌਲੁਸ ਯਰੂਸ਼ਲਮ ਵਿਚ ਠਹਿਰਨਾ ਚਾਹੁੰਦਾ ਸੀ, ਪਰ ਪ੍ਰਭੂ ਨੇ ਕਿਹਾ ਕਿ ਉਹਨੂੰ ਤਰਸੁਸ ਵਿਚ ਜਾਣਾ ਚਾਹੀਦਾ ਹੈ, *ਅਤੇ ਪ੍ਰਭੂ ਹੀ ਸਹੀ* ਸੀ। ਮਸੀਹ ਵਿਚ, ਜਦ ਤੁਸੀਂ ਨਿਰਾਸ਼ ਵੀ ਹੋਵੋ, ਤਾਂ ਵੀ ਆਪਣੇ ਸਵਰਗੀ ਪਿਤਾ ਤੇ ਪੱਕਾ ਯਕੀਨ ਰੱਖੋ। ਉਹਦੇ ਹੋਰ ਨੇੜੇ ਆਓ। ਉਹਨੂੰ ਵਚਨ ਰਾਹੀਂ ਆਪਣੇ ਨਾਲ ਗੱਲ ਕਰਨ ਦਿਓ। ਦੁਆ ਵਿਚ ਉਹਦੇ ਨਾਲ ਗੱਲ ਕਰੋ। ਆਪਣੇ ਆਪ ਨੂੰ ਉਹਦੇ ਕੋਲ ਲਿਆਉਣਾ ਸਿੱਖੋ।

ਮੇਰੀ ਸਭ ਤੋਂ ਛੋਟੀ ਬੇਟੀ, ਏਂਜਲਾ ਦਾ ਅੰਤਹਕਰਨ ਹਮੇਸ਼ਾ ਮੰਜ਼ੂਰੀ ਲਈ ਤਿਆਰ ਰਹਿੰਦਾ ਹੈ। ਬਚਪਨ ਵਿਚ ਉਹ ਬਿਸਤਰੇ ਤੇ ਪਾਸੇ ਮਾਰਨ ਦੇ ਬਾਅਦ, ਮੈਨੂੰ ਦਿਨ ਭਰ ਦੀਆਂ ਗੱਲਾਂ ਦੱਸਦੀ ਅਤੇ ਅਕਸਰ ਆਪਣਾ ਮਨ ਹੌਲਾ ਕਰ ਲੈਂਦੀ। ਕਈ ਵਾਰ ਬਚਪਨ ਦੀਆਂ ਸ਼ੈਤਾਨੀਆਂ ਦੱਸਣ ਲਈ ਉਹ ਮੈਨੂੰ ਅੱਧੀ ਰਾਤ ਨੂੰ ਜਗਾ ਦਿੰਦੀ, ਜਿਨ੍ਹਾਂ ਦਾ ਖ਼ਿਆਲ ਉਹਨੂੰ ਨੀਂਦ ਨਹੀਂ ਆਉਣ ਦਿੰਦਾ ਸੀ। ਮੇਰੀ ਪਤਨੀ ਅਤੇ ਮੈਂ ਅਕਸਰ ਕਹਿੰਦੇ ਹੁੰਦੇ ਸਾਂ, ''ਹੋ ਸਕਦਾ ਹੈ ਕਿ ਏਂਜੀ ਹਮੇਸ਼ਾ ਸਹੀ ਨਾ ਕਹੇ, ਪਰ ਜਦ ਉਹਨੇ ਸਹੀ ਕੰਮ ਨਾ ਕੀਤਾ ਤਾਂ ਸਾਨੂੰ ਪਤਾ ਹੈ ਕਿ ਦੇਰ ਸਵੇਰ ਉਹ ਸਾਨੂੰ ਦੱਸ ਹੀ ਦੇਵੇਗੀ।'' ਏਂਜੀ ਨੂੰ ਪਤਾ ਹੈ ਕਿ ਉਹ ਸਾਡੇ ਨਾਲ ਖੁੱਲ੍ਹੀ ਹੈ ਕਿਉਂਕਿ ਉਹ ਸਾਡੇ ਨਾਲ ਪਿਆਰ ਕਰਦੀ ਹੈ ਅਤੇ ਉਹਨੂੰ ਸਾਡੇ ਤੇ ਭਰੋਸਾ ਹੈ। ਇਸੇ ਤਰ੍ਹਾਂ ਆਪਣੇ ਪ੍ਰਭੂ ਨਾਲ ਪਿਆਰ ਕਰੋ ਅਤੇ ਉਸ ਤੇ ਭਰੋਸਾ ਰੱਖੋ। ਉਹਦੀ ਸ਼ਕਤੀ ਅਤੇ ਉਹਦੀ ਸੰਭਾਲ ਤੇ ਨਿਰਭਰ ਰਹੋ ਅਤੇ ਉਹਦੇ ਵਫ਼ਾਦਾਰ ਬਣੇ ਰਹੋ, ਜਿਵੇਂ ਤਰਸੁਸ ਦੀ ਨਿਰਾਸ਼ਾ ਵਿਚ ਸੌਲੁਸ ਰਿਹਾ ਸੀ।

## ਸਾਰ

ਸੌਲੁਸ ਦਾ ਮਸੀਹੀ ਜੀਵਨ ਸੌਖਾ ਨਹੀਂ ਸੀ, ਪਰ ਉਹਨੂੰ ਇਹ ਨਾਮੁਮਕਨ ਵੀ ਨਹੀਂ ਲੱਗਾ। ਉਹਨੇ ਵੇਖਿਆ ਕਿ ਆਪਣੇ ਪ੍ਰਭੂ ਦੀ ਮਦਦ ਨਾਲ ਉਹ ਕਿਸੇ ਵੀ ਰੁਕਾਵਟ ਨੂੰ ਟੱਪ ਕੇ ਪਾਰ ਕਰ ਸਕਦਾ ਸੀ (ਫ਼ਿਲਿੱਪੀਆਂ 4:13)! ਅਸੀਂ ਵੀ ਟੱਪ ਸਕਦੇ ਹਾਂ। ਜੇ ਅਸੀਂ ਟੱਪਦੇ ਹੋਏ ਪਾਰ ਕਰਦੇ ਹਾਂ, ਤਾਂ ਜ਼ਿੰਦਗੀ ਦੇ ਅਖ਼ੀਰ ਵਿਚ, ਆਪਣੀ ਦੌੜ ਪੂਰੀ ਕਰ ਲੈਣ ਦੇ ਬਾਅਦ ਪ੍ਰਭੂ ਫ਼ਤਹਿ ਦਾ ਮੁਕਟ ਦੇਣ ਲਈ ਸਾਡੀ ਉਡੀਕ ਕਰਦਾ ਹੈ। ਜਿਵੇਂ ਇਸ ਰਸੂਲ ਨੇ ਬਾਅਦ ਵਿਚ ਕਿਹਾ, ''ਹੁਣ ਤੋਂ ਧਰਮ ਦਾ ਮੁਕਟ ਮੇਰੇ ਲਈ ਰੱਖਿਆ ਹੋਇਆ ਹੈ ਜਿਹੜਾ ਪ੍ਰਭੂ ਜੋ ਧਰਮੀ ਹੈ ਉਸ ਦਿਨ ਮੈਨੂੰ ਦੇਵੇਗਾ ਅਤੇ ਕੇਵਲ ਮੈਨੂੰ ਹੀ ਨਹੀਂ ਸਗੋਂ ਉਨ੍ਹਾਂ ਨੂੰ ਵੀ ਜਿਨ੍ਹਾਂ ਉਹ ਦੇ ਪ੍ਰਕਾਸ਼ ਹੋਣ ਨੂੰ ਪਿਆਰਾ ਜਾਣਿਆ'' (2 ਤਿਮੋਥਿਉਸ 4:8)।

ਅਧਿਆਇ 9 ਲੂਕਾ ਵੱਲੋਂ ਕਿਤਾਬ ਵਿਚ ਛੱਡੀਆਂ ਗਈਆਂ ਪ੍ਰੋਗ੍ਰੈਸ ਰਿਪੋਰਟਾਂ ਵਿੱਚੋਂ ਇਕ ਨਾਲ ਖਤਮ ਹੁੰਦਾ ਹੈ: ''ਸੋ ਸਾਰੇ ਯਹੂਦੀਆ ਅਤੇ ਗਲੀਲ[42] ਅਤੇ ਸਾਮਰੀਆ ਵਿਚ ਕਲੀਸੀਆ[43] ਨੇ ਸੁੱਖ ਪਾਇਆ[44] ਅਤੇ ਬਣਦੀ ਗਈ[45] ਅਤੇ ਪ੍ਰਭੂ ਦੇ ਭੈਅ ਅਤੇ ਪਵਿੱਤਰ ਆਤਮਾ ਦੀ ਤਸੱਲੀ[46] ਵਿਚ ਚਲਦਿਆਂ ਹੋਇਆਂ ਵਧਦੀ ਜਾਂਦੀ ਸੀ'' (9:31)। ਲੂਕਾ ਦੇ ਸ਼ਬਦ ਪੂਰੀ ਕਲੀਸੀਆ ਲਈ ਹਨ, ਪਰ ਕਲੀਸੀਆ ਲੋਕਾਂ ਨਾਲ ਯਾਨੀ ਤੁਹਾਡੇ ਵਰਗੇ ਲੋਕਾਂ ਨਾਲ ਬਣਦੀ ਹੈ। ਅਸੀਂ ਇਹ ਸੁਝਾਅ ਦੇਣ ਲਈ ਕਿ ਜੇ ਇਕ ਮਸੀਹੀ ਦੇ ਰੂਪ ਵਿਚ ਸੌਲੁਸ ਦੀ ਜ਼ਿੰਦਗੀ ਵਿਚ ਮਿਲਣ ਵਾਲੇ ਸਬਕ ਸਿੱਖ ਲਓ,[47] ਤਾਂ ਤੁਹਾਨੂੰ ਨਿੱਜੀ ਤੌਰ ਤੇ ਸ਼ਾਂਤੀ ਦਾ ਅਨੰਦ ਅਤੇ ਰੂਹਾਨੀ ਤਰੱਕੀ ਮਿਲੇਗੀ! ''ਪ੍ਰਭੂ ਦੇ ਭੈਅ ਅਤੇ ਪਵਿੱਤਰ ਆਤਮਾ ਦੀ ਤਸੱਲੀ'' ਵਿਚ ਚਲਦੇ ਅਤੇ ਵਧਦੇ ਹੋਏ, ਤੁਹਾਨੂੰ ਕਿਸੇ ਹੋਰ ਦੀ ਲੋੜ ਨਹੀਂ ਹੋਵੇਗੀ ਸਗੋਂ ਤੁਸੀਂ ਪ੍ਰਮੇਸ਼ਵਰ ਦੀ ਸੰਤਾਨ ਦੇ ਰੂਪ ਵਿਚ ਤਰੱਕੀ ਕਰ ਸਕਦੇ ਹੋ! ਮੇਰੀ ਦਿਲੀ ਦੁਆ ਹੈ ਕਿ ਤੁਸੀਂ ਇੰਜ ਹੀ ਕਰੋ।

## ਵਿਜ਼ੂਅਲ-ਏਡ ਨੋਟਸ

ਰੁਕਾਵਟਾਂ ਤੇ ਵਿਚਾਰ ਖ਼ੁਦ-ਬ-ਖ਼ੁਦ ਆਪਣੇ ਆਪ ਇਕ ਵਿਜ਼ੂਅਲ ਪੇਸ਼ਕਸ਼ ਬਣ ਜਾਂਦਾ ਹੈ। ਦੌੜ ਦੇ ਮੈਦਾਨ ਵਿਚ ਹਰਡਲ ਰੇਸ ਜਾਂ ਰੁਕਾਵਟਾਂ ਦੀ ਇਕ ਲੜੀ ਬਣਾਓ। ਉਨ੍ਹਾਂ ਵਿਚ ''ਨਾਕਾਮੀ,'' ''ਸਤਾਅ,'' ''ਅਤੀਤ,'' ''ਜ਼ਿੱਦ,'' ਅਤੇ ''ਨਿਰਾਸ਼ਾ'' ਚਿਪਕਾ ਲਓ। ਫਿਰ ਉਨ੍ਹਾਂ ਰੁਕਾਵਟਾਂ ਨੂੰ ਇਕ ਇਕ ਕਰਕੇ ਪਾਰ ਕਰਦਿਆਂ ਇਕ ਦੌੜਾਕ ਦੀ ਤਸਵੀਰ ਬਣਾਓ (ਇਕ ਅਸਾਨ ਜਿਹੀ ਤਸਵੀਰ, ਜਿਸ ਨੂੰ ਕੋਈ ਬੱਚਾ ਵੀ ਬਣਾ ਸਕੇ, ਕਾਫ਼ੀ ਹੋਵੇਗੀ)। ਲਿਖੋ ਕਿ ਸੌਲੁਸ ਨੇ ਹਰ ਰੁਕਾਵਟ ਨੂੰ ਕਿਵੇਂ ਪਾਰ ਕੀਤਾ। ਸੌਲੁਸ ਨੇ ਨਕਾਮੀ ਦੀ ਰੁਕਾਵਟ ਨੂੰ *ਵਿਸ਼ਵਾਸ* ਨਾਲ, ਸਤਾਅ ਅਤੇ ਅਤੀਤ ਦੀ ਰੁਕਾਵਟ ਨੂੰ *ਸਬਰ* ਨਾਲ, ਜ਼ਿਦ ਦੀ ਰੁਕਾਵਟ ਨੂੰ *ਸਮਰਪਣ* ਨਾਲ ਅਤੇ ਨਿਰਾਸ਼ਾ ਦੀ ਰੁਕਾਵਟ ਨੂੰ *ਵਿਸ਼ਵਾਸ* ਨਾਲ ਪਾਰ ਕੀਤਾ।

## ਟਿੱਪਣੀਆਂ

[1]ਇਸ ਕਿਤਾਬ ਵਿਚ ਪਿੱਛੇ ਆਏ ਪਾਠ ਵਿਚ 8:22, 24 ਤੇ ਨੋਟਸ ਵੇਖੋ। [2]ਵੇਖੋ 1 ਕੁਰਿੰਥੀਆਂ 3:1, 2; ਇਬਰਾਨੀਆਂ 5:12-14. ਇਨ੍ਹਾਂ ਆਇਤਾਂ ਤੋਂ ਵੀ ਭਾਵ ਹੈ ਕਿ ਵੱਡੇ ਨਾ ਹੋਣ ਵਾਲੇ ਮਸੀਹੀ ਗੁਆਚ ਸਕਦੇ ਹਨ! [3]ਯਿਸੂ ਨਾਲ ਅਤੇ ਇਸਤੀਫ਼ਾਨ ਨਾਲ ਉਨ੍ਹਾਂ ਨੇ ਇਵੇਂ ਹੀ ਕਰਨ ਦੀ ਕੋਸ਼ਿਸ਼ ਕੀਤੀ ਸੀ। [4]ਪੌਲੁਸ ਨਾਲ ਅਕਸਰ ਇਵੇਂ ਹੀ ਹੁੰਦਾ ਸੀ (14:4-6; 23:12-22)। ਆਮ ਤੌਰ ਤੇ ਲੋਕ ਜਾਂ ਤਾਂ ਪੌਲੁਸ ਨਾਲ ਪਿਆਰ ਕਰਦੇ ਸਨ ਜਾਂ ਉਸ ਤੋਂ ਨਫ਼ਰਤ, ਉਹ ਵੀ ਜੋ ਮਸੀਹੀ ਨਹੀਂ ਵੀ ਸਨ। ਉਹਦੇ ਗੈਰ ਮਸੀਹੀ ਦੋਸਤਾਂ ਦੀ ਦਿਲਚਸਪੀ ਆਮ ਤੌਰ ਤੇ ਉਹਦੀ ਸੁਰੱਖਿਆ ਵਿਚ ਸੀ (19:31)। ਇਸ ਸਭ ਵਿਚ, ਪੌਲੁਸ ਦੀ ਸੁਰੱਖਿਆ ਲਈ ਖ਼ੁਦਾ ਦਾ ਇੰਤਜ਼ਾਮ ਦਿਸਦਾ ਹੈ। [5]''ਏਥਨਾਰਕ'' ਦਮਿਸ਼ਕ ਵਿਚ ਰਾਜਾ ਅਰਿਤਾਸ ਦਾ ਨਿੱਜੀ ਨੁਮਾਇੰਦਾ ਸੀ। ਉਸ ਕੋਲ ਕਿੰਨਾ ਇਖ਼ਤਿਆਰ ਸੀ, ਇਹ ਨਹੀਂ ਪਤਾ। ਅੰਗ੍ਰੇਜ਼ੀ ਦੇ KJV ਅਤੇ NIV ਦੇ ਅਨੁਵਾਦਕਾਂ ਨੂੰ ਲੱਗਾ ਕਿ ਉਹ ਨਗਰ ਦਾ ''ਹਾਕਮ'' ਸੀ। [6]ਅਰਿਤਾਸ ਚੌਥਾ ਨਬਤੀਏਨ ਅਰਬ ਰਾਜ ਉੱਤੇ ਹਕੂਮਤ ਕਰਦਾ ਸੀ। ''ਅਰਬ'' ਜਿੱਥੇ ਸੌਲੁਸ ਨੇ ਕੁਝ ਸਮਾਂ ਕੱਟਿਆ ਸੀ। [7]ਸ਼ਾਇਦ ਦਮਿਸ਼ਕ ਆਰਜ਼ੀ ਤੌਰ ਤੇ ਅਰਿਤਾਸ ਦੇ ਅਧੀਨ ਸੀ (ਇਸ ਦੌਰਾਨ ਦਮਿਸ਼ਕ ਵਿਚ ਕੋਈ ਰੋਮੀ ਸਿੱਕਾ ਨਹੀਂ ਸੀ)। ਸ਼ਾਇਦ ਅਰਬ ਦੀਆਂ ਫ਼ੌਜਾਂ, ਫ਼ਾਟਕਾਂ ਦੀ ਚੌਕਸੀ ਲਈ ਸ਼ਹਿਰ ਤੋਂ *ਬਾਹਰ ਸਨ* (ਦਮਿਸ਼ਕ ਅਰਬ ਰੇਗਿਸਤਾਨ ਦੇ ਕੰਢੇ ਸੀ)। ਸ਼ਾਇਦ ਏਥਨਾਰਕ ਦੀਆਂ ਕੋਸ਼ਿਸ਼ਾਂ ਨਿੱਜੀ ਸਨ ਅਤੇ ਜੋ ਕੁਝ ਨਗਰ ਵਿਚ ਅਰਬੀ ਲੋਕ ਕਰ ਸਕਦੇ ਸਨ (ਉਹ ਮੰਨਣ ਯੋਗ ਸੀ) ਉਸ ਤਕ ਹੀ ਸੀਮਤ ਸਨ। [8]ਇਹ ਦੋਵੇਂ ਗੁਟ ਕਈ ਕਾਰਣਾਂ ਕਰਕੇ ਇਕ ਦੂਜੇ ਨਾਲ ਨਫ਼ਰਤ ਕਰਦੇ ਸਨ। ਕੁਝ ਸਾਲਾਂ ਬਾਅਦ (66 ਈਸਵੀ), ਨਬਤੀਨ ਅਰਬਾਂ ਨੇ ਦਮਿਸ਼ਕ ਵਿਚ ਦਸ ਹਜ਼ਾਰ ਤੋਂ ਵੱਧ ਯਹੂਦੀਆਂ ਨੂੰ ਮਾਰ ਦਿੱਤਾ। [9]ਦਮਿਸ਼ਕ ਵਿਚ ਯਹੂਦੀਆਂ ਦੀ *ਬਹੁਤ* ਅਬਾਦੀ ਸੀ। [10]ਸੌਲੁਸ ਨੇ ਦਮਿਸ਼ਕ ਵਿਚ ਪ੍ਰਚਾਰ ਕਰਕੇ ਹਲਚਲ ਪੈਦਾ ਕਰ ਦਿੱਤੀ ਸੀ; ਉਹਨੇ ਅਰਬ ਵਿਚ ਰਹਿੰਦਿਆਂ ਵੀ ਹਲਚਲ ਮਚਾਈ ਹੋਵੇਗੀ।

[11]''*ਉਹਦੇ* ਚੇਲੇ'' ਇਕ ਅਸਾਧਾਰਣ ਸ਼ਬਦ ਹੈ। ਇਹਦਾ ਮਤਲਬ ਹੋਰ ਜੋ ਵੀ ਹੋਵੇ, ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਦਮਿਸ਼ਕ ਵਿਚ ਸੌਲੁਸ ਨੂੰ ਲੋਕਾਂ ਨੂੰ ਮਸੀਹ ਵਿਚ ਲਿਆਉਣ ਵਿਚ *ਕੁਝ* ਕਾਮਯਾਬੀ ਜ਼ਰੂਰ ਮਿਲੀ ਸੀ। ਯਕੀਨਨ ਹੀ, ਪੌਲੁਸ ਨੇ ਕਦੇ ਵੀ ਕਿਸੇ ਨੂੰ ਇਹ ਸੋਚਣ ਲਈ ਉਤਸ਼ਾਹਿਤ ਨਹੀਂ ਕੀਤਾ ਕਿ ਉਹ *ਉਹਦੇ* ਮਗਰ ਚੱਲਣ: ਸਗੋਂ ਉਹਨੇ ਲੋਕਾਂ ਨੂੰ ਹਮੇਸ਼ਾ *ਯਿਸੂ* ਵੱਲ ਮੋੜਿਆ (1 ਕੁਰਿੰਥੀਆਂ 1:12, 13)। [12]ਇਨ੍ਹਾਂ ਦੋਹਾਂ ਵਿਰਤਾਤਾਂ ਵਿਚ ''ਟੋਕਰੇ'' ਲਈ ਦੋ ਵੱਖ ਵੱਖ ਯੂਨਾਨੀ ਸ਼ਬਦ ਹਨ। ਰਸੂਲਾਂ ਦੇ ਕੰਮ 9 ਅਧਿਆਇ ਵਿਚ ਵਰਤੇ ਗਏ ਸ਼ਬਦ ਦਾ ਅਰਥ ਗੁਦਾਮ ਦੇ ਤੌਰ ਤੇ ਵਰਤਿਆ ਜਾਣ ਵਾਲਾ ਵੱਡਾ ਟੋਕਰਾ ਸੀ (ਮੱਤੀ 15:37; ਮਰਕੁਸ 8:8)। 2 ਕੁਰਿੰਥੀਆਂ 11 ਵਿਚ ਵਰਤਿਆ ਸ਼ਬਦ ਇਸ ਨੂੰ ਰੱਸੀਆਂ ਨਾਲ ਬੰਨ੍ਹਿਆ ਹੋਇਆ ਟੋਕਰਾ ਵਿਖਾਉਂਦਾ ਹੈ। ਇਹਦਾ ਮਤਲਬ ਹੋ ਸਕਦਾ ਹੈ ਕਿ ਟੋਕਰੇ ਨੂੰ ਢਿੱਲਾ ਬੁਣਿਆ ਗਿਆ ਜਾਂ ਇਸ ਨੂੰ ਵਧੇਰੇ ਸੁਰੱਖਿਆ ਲਈ ਇਕ ਜਾਲ ਵਿਚ ਪਾ ਕੇ ਲਮਕਾਇਆ ਗਿਆ ਸੀ। [13]ਯਾਦ ਰੱਖੋ ਕਿ ਉਹਨੇ ਇਸ ਘਟਨਾ ਨੂੰ ਆਪਣੀ *ਨਿਰਬਲਤਾ* ਦੀ ਇਕ ਉਦਾਹਰਣ ਦੇ ਰੂਪ ਵਿਚ ਦੁਹਰਾਇਆ (2 ਕੁਰਿੰਥੀਆਂ 11:30-33)। [14]ਇਸੇ ਤਰ੍ਹਾਂ ਦੀਆਂ ਘਟਨਾਵਾਂ ਕਈ ਮੰਡਲੀਆਂ ਵਿਚ ਵਾਪਰੀਆਂ ਹਨ। ਮੇਰੀ ਮਿਸਾਲ ਦੀ ਥਾਂ ਤੁਸੀਂ ਕੋਈ ਜਾਣੀ ਪਛਾਣੀ ਦੇ ਸਕਦੇ ਹੋ। [15]ਗਲਾਤੀਆਂ 1:18. ਯਹੂਦੀ ਇਕ ਭਾਗ ਨੂੰ ਪੂਰਾ ਗਿਣਦੇ ਸਨ। ਯਹੂਦੀ ਗਣਨਾ ਮੁਤਾਬਕ ''ਤਿੰਨ ਸਾਲ'' ਉਸ ਸਾਲ ਦਾ ਬਾਕੀ ਭਾਗ ਜਿਸ ਵਿਚ ਸੌਲੁਸ ਦਮਿਸ਼ਕ ਵਿਚ ਗਿਆ, ਅਗਲਾ ਪੂਰਾ ਸਾਲ ਅਤੇ ਦਮਿਸ਼ਕ ਵਿੱਚੋਂ ਬਚ ਨਿਕਲਣ ਵਾਲਾ ਸਾਲ ਬਣਦਾ ਸੀ। [16]ਚੇਲਿਆਂ ਨੂੰ ਤਿੰਨ ਸਾਲ ਪਹਿਲਾਂ ਯਰੂਸ਼ਲਮ ਤੋਂ ਭਜਾਇਆ ਗਿਆ ਸੀ (8:1), ਇਹ ਚੇਲੇ ਕੌਣ ਸਨ? ਸ਼ੁਰੂ ਵਿਚ ਕਈ ਯਰੂਸ਼ਲਮ ਨੂੰ ਪੱਕੇ ਤੌਰ ਤੇ ਛੱਡ ਕੇ ਨਹੀਂ ਗਏ ਹੋਣਗੇ (ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ਵਿਚ 8:1 ਤੇ ਨੋਟਸ ਵੇਖੋ) ਅਤੇ ਕਈ ਵਾਪਸ ਆ ਗਏ ਹੋਣਗੇ। (ਕੁਝ ਨਵੇਂ ਮਸੀਹੀ ਵੀ ਰਹੇ ਹੋਣਗੇ, ਪਰ ''ਡਰਦੇ'' ਸ਼ਬਦ ਤੋਂ ਲਗਦਾ ਹੈ ਕਿ ਬਹੁਤੇ ਉਨ੍ਹਾਂ ਵਿੱਚੋਂ ਸਨ ਜਿਨ੍ਹਾਂ ਨੂੰ ਸ਼ੁਰੂ ਵਿਚ ਸੌਲੁਸ ਨੇ ਸਤਾਇਆ ਸੀ।) ''ਸਭ'' ਸੌਲੁਸ ਉੱਤੇ ਸ਼ਕ ਕਰਦੇ ਸਨ, ਇਸ ਲਈ ਇਨ੍ਹਾਂ ਵਿਚ *ਰਸੂਲ* ਵੀ ਹੋਣਗੇ। [17]ਸੌਲੁਸ ਨੂੰ ਮਸੀਹ ਵਿਚ ਆਏ ਤਿੰਨ ਸਾਲ ਹੋ ਚੁੱਕੇ ਸਨ, ਜਿਸ ਕਰਕੇ ਕਈ ਲੋਕ ਹੈਰਾਨ ਹੁੰਦੇ ਹਨ ਕਿ ਯਰੂਸ਼ਲਮ ਵਿਚ ਮਸੀਹੀ ਲੋਕਾਂ ਨੂੰ ਉਹਦੀ ਮਨਬਦਲੀ ਦਾ ਪਤਾ ਕਿਵੇਂ ਨਹੀਂ ਲੱਗਾ। ਸ਼ਾਇਦ ਇਹਦੇ ਕਈ ਕਾਰਣ ਹਨ: (1) ਉਸ ਜ਼ਮਾਨੇ ਵਿਚ ਸੰਚਾਰ ਦੇ ਸਾਧਨ ਬਹੁਤ ਵਧੀਆ ਨਹੀਂ ਸਨ। (2) ਜੇ ਉਸ ਸਮੇਂ ਦਮਿਸ਼ਕ ਉੱਤੇ ਅਰਿਤਾਸ ਚੌਥੇ ਦੀ ਹਕੂਮਤ ਸੀ (ਇਕ ਸੰਭਾਵਨਾ ਜਿਵੇਂ ਪਿਛਲੀ ਟਿੱਪਣੀ ਵਿਚ ਧਿਆਨ ਦਿੱਤਾ ਗਿਆ), ਤਾਂ ਦਮਿਸ਼ਕ ਅਤੇ ਯਰੂਸ਼ਲਮ ਦਰਮਿਆਨ ਹੁਣ ਤਕ ਦੇ ਸਭ ਤੋਂ ਕਮਜ਼ੋਰ ਸਬੰਧ ਸਨ। (3) ਸੌਲੁਸ ਦੇ ਲੰਮੇ ਸਮੇਂ ਤੋਂ ''ਗਾਇਬ'' ਹੋਣ ਨਾਲ ਸ਼ੱਕ ਵਧ ਗਏ ਹੋਣਗੇ। ਪਰ ਸਭ ਤੋਂ ਮਹੱਤਵਪੂਰਣ ਗੱਲ ਇਹ ਸੀ ਕਿ ਸੌਲੁਸ ਨੇ ਯਰੂਸ਼ਲਮ ਵਿਚ ਚੇਲਿਆ ਨੂੰ ਬੇਹੱਦ ਦੁਖੀ ਕੀਤਾ ਸੀ, ਅਤੇ ਉਹਦੀ ਕਿਸੇ

ਵੀ ਗੱਲ ਤੇ ਯਕੀਨ ਕਰਨਾ ਉਨ੍ਹਾਂ ਲਈ ਔਖਾ ਸੀ। [18]ਬਰਟਨ ਕਾਫ਼ਮੈਨ, *ਕਮੈਂਟਰੀ ਆਨ ਐਕਟਸ* (ਆਸਟਿਨ, ਟੈਕਸਸ: ਫ਼ਰਮ ਫ਼ਾਊਂਡੇਸ਼ਨ ਪਬਲਿਸ਼ਿੰਗ ਹਾਊਸ, 1976), 190. [19]ਰਸੂਲਾਂ ਦੇ ਕੰਮ ਕਿਤਾਬ ਵਿਚ ਇਹ ਆਖ਼ਰੀ ਵਾਰ ਹੈ ਕਿ ਯਰੂਸ਼ਲਮ ਵਿਚ ਆਗੂਆਂ ਦੇ ਰੂਪ ਵਿਚ ਸਿਰਫ਼ ਰਸੂਲਾਂ ਦੀ ਹੀ ਗੱਲ ਕੀਤੀ ਗਈ ਹੈ। ਗਲਾਤੀਆਂ 1:18-20 ਵਿਚ ਪੌਲੁਸ ਦੇ ਅਹਿਮ ਐਲਾਨ ਦੇ ਮੁਤਾਬਕ, ਉਸ ਸਮੇਂ ਯਰੂਸ਼ਲਮ ਵਿਚ ਬਾਰਾਂ ਰਸੂਲਾਂ ਵਿੱਚੋਂ ਸਿਰਫ਼ ਪਤਰਸ ਹੀ ਉੱਥੇ ਸੀ (ਬਾਕੀ ਸ਼ਾਇਦ ਪ੍ਰਚਾਰ ਲਈ ਨਿੱਕਲੇ ਹੋਏ ਸਨ)। ਉਹਦੇ ਇਲਾਵਾ ਸ਼ਹਿਰ ਵਿਚ ਇੱਕੋ ਇਕ ਰਹਿਨੁਮਾ ਪ੍ਰਭੂ ਦਾ ਮਤਰੇਆ ਭਰਾ ਯਾਕੂਬ ਹੀ ਸੀ (ਗਲਾਤੀਆਂ 1:19)। ਇਹ ਲੂਕਾ ਦੀ ਗੱਲ ਨਾਲ ਕਿਵੇਂ ਮੇਲ ਖਾ ਸਕਦਾ ਹੈ ਕਿ ਸੌਲੁਸ ਨੂੰ ''ਰਸੂਲਾਂ ਕੋਲ'' ਲਿਆਂਦਾ ਗਿਆ ਸੀ? ਸ਼ਾਇਦ ਲੂਕਾ ਪਤਰਸ ਨੂੰ ਸਭ ਰਸੂਲਾਂ ਦਾ ਨੁਮਾਇੰਦਾ ਮੰਨਦਾ ਸੀ ਜਾਂ ''ਰਸੂਲਾਂ'' ਸ਼ਬਦ ਦੀ ਵਰਤੋਂ ਉਹ 12 ਤੋਂ ਵਿਆਪਕ ਅਰਥ ਵਿਚ ਲੈ ਰਿਹਾ ਹੋਵੇਗਾ (ਜਿਵੇਂ ਉਹਨੇ 14:4, 14 ਵਿਚ ਕੀਤਾ) ਅਤੇ ਉਸ ਵਿਚ ਯਾਕੂਬ ਨੂੰ ਵੀ ਸ਼ਾਮਲ ਕਰ ਰਿਹਾ ਹੋਵੇਗਾ। ਯਾਦ ਰੱਖੋ ਕਿ ''ਰਸੂਲ'' ਸ਼ਬਦ ਦਾ ਅਰਥ ਹੈ ''ਭੇਜਿਆ ਹੋਇਆ'' ਅਤੇ ਸਧਾਰਣ ਅਰਥ (''ਕਲੀਸੀਆ ਵੱਲੋਂ ਠਹਿਰਾਇਆ ਹੋਇਆ,'' ਆਦਿ) ਦੇ ਨਾਲ ਨਾਲ ''ਬਾਰਾਂ ਅਤੇ ਪੌਲੁਸ'' ਲਈ ਖ਼ਾਸ ਅਰਥ ਵਿਚ ਵੀ ਵਰਤਿਆ ਜਾ ਸਕਦਾ ਹੈ। [20]ਇਹ ਜ਼ੋਰ ਦਿੱਤਾ ਜਾਂਦਾ ਸੀ ਕਿ ਸੌਲੁਸ ਨੇ ਯਿਸੂ ਨੂੰ *ਸੁਣਿਆ* ਹੀ ਨਹੀਂ ਸਗੋਂ ਉਸ ਨੂੰ *ਵੇਖਿਆ* ਵੀ ਸੀ।

[21]''ਸੌਲੁਸ ਦੀਆਂ ਮੁਢਲੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। ਤਰਸੁਸ ਇਕ ਮਹੱਤਵਪੂਰਣ ਸ਼ਹਿਰ ਸੀ। ਬਰਨਾਬਾਸ ਕੁਪਰੁਸ ਤੋਂ ਤਰਸੁਸ ਵਿਚ ਕਈ ਵਾਰ ਆਇਆ ਹੋਵੇਗਾ। [22]ਇਹ ਵੀ ਹੋ ਸਕਦਾ ਹੈ ਕਿ ਬਾਅਦ ਵਿਚ ਅੰਤਾਕੀਆ ਵਿਚ ਭੇਜੇ ਜਾਣ ਵਾਂਗ (11:22) ਬਰਨਾਬਾਸ ਨੂੰ ਕਲੀਸੀਆ ਵੱਲੋਂ ਭੇਜਿਆ ਗਿਆ ਹੋਵੇ, ਜਾਂ ਹੋ ਸਕਦਾ ਹੈ ਕਿ ਉਹ ਆਪਣੇ ਕੰਮ ਲਈ ਦਮਿਸ਼ਕ ਵਿਚ ਗਿਆ ਹੋਵੇ। [23]ਇਕ ਹੋਰ ਸੁਝਾਅ ਜੋ ਦਿੱਤਾ ਗਿਆ ਹੈ ਉਹ ਇਹ ਹੈ ਕਿ ਬਰਨਾਬਾਸ ਨੂੰ ਮੋਅਜਜ਼ੇ ਰਾਹੀਂ ਸੌਲੁਸ ਬਾਰੇ ਪਤਾ ਲੱਗਾ (13:1 ਦੇ ਮੁਤਾਬਕ ਬਰਨਾਬਾਸ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਇਆ ਹੋਇਆ ਇਕ ਨਬੀ, ਜਾਂ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਇਆ ਹੋਇਆ ਵਚਨ ਸਿਖਾਉਣ ਵਾਲਾ ਸੀ)। ਪਰ ਜੇ ਇਹ ਗੱਲ ਸੀ ਤਾਂ ਰਸੂਲਾਂ ਨੇ ਓਸੇ ਜਾਣਕਾਰੀ ਨੂੰ ਹਾਸਲ ਕਰਨ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਿਉਂ ਨਹੀਂ ਕੀਤੀ? [24]ਜੇ ਇਬਰਾਨੀਆਂ ਦੀ ਪੱਤਰੀ ਪੌਲੁਸ ਨੇ ਲਿਖੀ ਤਾਂ ਸਾਡੇ ਕੋਲ ਉਹਦੀਆਂ ਲਿਖੀਆਂ ਚੌਦਾਂ ਕਿਤਾਬਾਂ ਹਨ। [25]ਪੌਲੁਸ ਨੇ ਗਲਾਤੀਆਂ 1:22, 23 ਵਿਚ ਕਿਹਾ ਕਿ ਉਸ ਸਮੇਂ ''ਯਹੂਦੀਆਂ ਦੀਆਂ ਕਲੀਸੀਆਵਾਂ ਨੇ ਜੋ ਮਸੀਹ ਵਿਚ ਸਨ ਅਜੇ'' ਉਹਦਾ ਮੂੰਹ ਨਹੀਂ ਵੇਖਿਆ ਸੀ। ''ਯਹੂਦੀਆ ਦੀਆਂ ਕਲੀਸੀਆਵਾਂ'' ਯਰੂਸ਼ਲਮ ਦੀ ਕਲੀਸੀਆ ਦੇ *ਇਲਾਵਾ* ਯਹੂਦੀਆ ਦੀਆਂ ਸਭ ਮੰਡਲੀਆਂ ਹੋਣਗੀਆਂ। ਪੌਲੁਸ ਦੇ ਥੋੜ੍ਹੀ ਦੇਰ (ਸਿਰਫ਼ ਪੰਦਰਾਂ ਦਿਨ) ਠਹਿਰਣ ਕਰਕੇ ਉਸ ਨੂੰ ਯਰੂਸ਼ਲਮ ਤੋਂ ਬਾਹਰ ਜਾ ਕੇ ਪ੍ਰਚਾਰ ਕਰਨ ਦਾ ਸਮਾਂ ਨਹੀਂ ਮਿਲਿਆ।[26]ਇਹ ਇਸ ਗੱਲ ਵਿਚ ਸ਼ਾਮਲ ਹੈ ਕਿ ਉਹ ''ਯੂਨਾਨੀ ਯਹੂਦੀਆਂ ਨਾਲ ਬੋਲਦਾ ਅਤੇ ਬਹਿਸ ਕਰਦਾ ਸੀ।'' [27]ਸੌਲੁਸ ਇਸਤੀਫ਼ਾਨ ਨੂੰ ਉੱਥੇ ਪਹਿਲੀ ਵਾਰ ਮਿਲਿਆ ਹੋਵੇਗਾ।[28]ਕਿਸੇ ਲਹਿਰ ਵਿਚ ਪਹਿਲਾਂ ਭਾਗ ਲੈ ਕੇ ਉਸ ਨੂੰ ਛੱਡ ਦੇਣ ਅਤੇ ਉਸ ਦਾ ਵਿਰੋਧ ਕਰਨ ਵਾਲੇ ਲਈ ਉਸ ਲਹਿਰ ਦਾ ਵਿਰੋਧ ਕਰਨ ਵਾਲਿਆਂ ਨਾਲੋਂ ਵਧ ਨਫ਼ਰਤ ਕੀਤੀ ਜਾਂਦੀ ਹੈ ਜੋ ਕਦੇ ਇਸ ਨਾਲ ਜੁੜੇ ਨਾ ਹੋਣ। ਸੌਲੁਸ ਪ੍ਰਤੀ ਯੂਨਾਨੀ ਯਹੂਦੀਆਂ ਦੀ ਨਫ਼ਰਤ ਨੂੰ ਵਿਖਾਉਣ ਲਈ ਇਹੋ ਜਿਹੀ ਆਪ ਬੀਤੀ ਦੱਸੀ ਜਾ ਸਕਦੀ ਹੈ। [29]''ਸੌਲੁਸ ਦੀਆਂ ਮੁਢਲੀਆਂ ਯਾਤਰਾਵਾਂ'' ਵਾਲਾ ਨਕਸ਼ਾ ਅਤੇ 10:1 ਤੇ ਨੋਟਸ ਵੇਖੋ। [30]''ਸੌਲੁਸ ਦੀਆਂ ਮੁਢਲੀਆਂ ਯਾਤਰਾਵਾਂ'' ਵਾਲਾ ਨਕਸ਼ਾ ਅਤੇ ਇਸ ਕਿਤਾਬ ਵਿਚ ਪਹਿਲਾਂ ਦਿੱਤੇ ਗਏ ਤਰਸੁਸ ਉੱਤੇ ਨੋਟਸ ਵੇਖੋ।

[31]ਕਈ ਲੋਕ ਇਸ ਘਟਨਾ ਨੂੰ ਸੌਲੁਸ ਦੇ ਯਰੂਸ਼ਲਮ ਜਾਣ ਨਾਲ ਜੋੜਦੇ ਹਨ, ਜਿਵੇਂ 11:27-30; 12:25 ਵਿਚ ਲਿਖਿਆ ਹੈ, ਪਰ ਉਸ ਯਾਤਰਾ ਵਿਚ ਸੌਲੁਸ ਦੇ ਯਰੂਸ਼ਲਮ ਵਿਚ ਪ੍ਰਚਾਰ ਕਰਨ ਦਾ ਸਾਡੇ ਕੋਲ ਨਾ ਤਾਂ ਕੋਈ ਸਬੂਤ ਹੈ ਅਤੇ ਨਾ ਹੀ ਸੰਕੇਤ ਕਿ ਉਸ ਮੌਕੇ ਤੇ ਉਸ ਨੂੰ ਅਚਾਨਕ ਸ਼ਹਿਰ ਛੱਡਣਾ ਪਿਆ ਸੀ। 22:17-21 ਦੀ ਕਹਾਣੀ ਤੋਂ ਮੈਨੂੰ ਲਗਦਾ ਹੈ ਕਿ ਇਹ 9:29, 30 ਨਾਲ ਬਿਲਕੁਲ ਮਿਲਦੀ ਹੈ, ਜਿਸ ਕਰਕੇ ਮੈਂ ਇਸ ਨੂੰ ਇੱਥੇ ਦਿੱਤਾ ਹੈ। [32]10:10 ਤੇ ਨੋਟਸ ਵੇਖੋ। [33]ਜਿੱਥੇ ਪੌਲੁਸ ਨੂੰ ਲੱਗਾ ਕਿ ਉਹ ਸਹੀ ਹੈ, ਉੱਥੇ ਉਹਨੇ ਮੌਤ ਦੀਆਂ ਧਮਕੀਆਂ ਦੀ ਪਰਵਾਹ ਨਹੀਂ ਕੀਤੀ (ਤੁਲਨਾ 20:24)। ਮਰਨ ਦੇ ਸਬੰਧ ਵਿਚ ''ਜਿਵੇਂ ਇਸਤੀਫ਼ਾਨ ਮਰਿਆ,'' ਮਰਦੇ ਸਮੇਂ ਇਸਤੀਫ਼ਾਨ ਦੀ ਗੱਲ ਵਰਗੀ ਇਕ ਗੱਲ ਲਈ, ਵੇਖੋ 2 ਤਿਮੋਥਿਉਸ 4:16। [34]ਕਿੰਨਾ ਦਰਦ ਭਰਿਆ ਦ੍ਰਿਸ਼ ਹੋਵੇਗਾ ਜਦ ਮਨਬਦਲੀ ਦੇ ਬਾਅਦ ਸੌਲੁਸ ਪਹਿਲੀ ਵਾਰ ਆਪਣੇ ਪਿਤਾ ਨੂੰ ਮਿਲਿਆ ਹੋਵੇਗਾ, ਜਿਸਨੇ ਉਹਦਾ ਪਾਲਣ ਪੋਸ਼ਣ ਇਕ ਫ਼ਰੀਸੀ ਬਣਾਉਣ ਲਈ ਕੀਤਾ ਸੀ। [35]ਹੋ ਸਕਦਾ ਹੈ ਕਿ ਉਹਨੇ ਆਪਣੀ ਭੈਣ ਨੂੰ ਮਸੀਹ ਵਿਚ ਲਿਆਂਦਾ ਹੋਵੇ; ਘੱਟੋ ਘੱਟ ਉਹਦੇ ਲਈ ਉਹ ਬਾਹਰ ਦਾ ਆਦਮੀ ਤਾਂ ਨਹੀਂ ਸੀ ਜਿਵੇਂ ਉਹ ਆਪਣੇ ਪਰਿਵਾਰ ਦੇ ਦੂਜੇ ਲੋਕਾਂ ਲਈ ਸੀ (23:16)। ਕਈਆਂ ਦੇ ਵਿਚਾਰ ਮੁਤਾਬਕ ਰੋਮੀਆਂ 16:7, 11, 21 ਜਿਸਮਾਨੀ ''ਰਿਸ਼ਤੇਦਾਰਾਂ'' (ਭਾਵ, ਪਰਿਵਾਰ) ਲਈ ਹੈ। [36]''ਸੌਲੁਸ ਦੀਆਂ ਮੁਢਲੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। ਤਰਸੁਸ ਕਿਲਕੀਆ ਵਿਚ ਸੀ ਅਤੇ ਸੀਰੀਆ

ਕਿਲਕੀਆ ਦੇ ਪੂਰਬ ਵੱਲ ਸੀ। ਤਦ ਸੀਰੀਆ ਅਤੇ ਕਿਲਕੀਆ ਨੇ ਇਕ ਸੰਗਠਤ ਮਹਾਂਪ੍ਰਾਂਤ ਬਣਾਇਆ। [37] *ਪਹਿਲੇ* ਗੈਰ ਕੌਮ ਅਤੇ ਉਹਦੇ ਪਰਿਵਾਰ ਵਿਚ ਪਤਰਸ ਦੇ ਵਚਨ ਸੁਣਾਉਣ ਦੇ ਬਾਅਦ (ਰਸੂਲਾਂ ਦੇ ਕੰਮ 10; ਤੁਲਨਾ 15:7-9), *ਫਿਰ* ਹੋਰਨਾਂ ਨੇ ਸੀਰੀਆ ਅਤੇ ਅੰਤਾਕੀਆ ਵਿਚ ਗੈਰ ਕੌਮਾਂ ਵਿਚ ਵਚਣ ਸੁਣਾਇਆ (11:20)। ਸੌਲੁਸ ਨੇ ਅੰਤਾਕੀਆ ਵਿਚ ਆਣ ਕੇ ਗੈਰ ਕੌਮਾਂ ਵਿਚ ਪਹਿਲੀ ਵਾਰ ਵਚਨ ਸੁਣਾਇਆ ਹੋਵੇਗਾ (11:25, 26)। ਜੋ ਵੀ ਹੋਵੇ, 15:7-9 ਵਿਚਲੇ ਸ਼ਬਦ ਸਾਰੇ ਨਹੀਂ ਤਾਂ ਬਹੁਤੇ ਸੌਲੁਸ ਵੱਲੋਂ, ਗੈਰ ਕੌਮਾਂ ਵਿਚ ਪ੍ਰਚਾਰ ਦੀ ਤਿਆਰੀ ਲਈ ਬਿਤਾਏ ਸਮੇਂ ਬਾਰੇ ਸਨ। [38]ਪੌਲੁਸ ਦੇ ਸਿੱਖਣ ਲਈ ਇਹ ਇਕ ਅਹਿਮ ਸਬਕ ਸੀ। ਜਿਵੇਂ ਕਿ ਅਸੀਂ ਬਾਅਦ ਵਿਚ ਵੇਖਾਂਗੇ, ਪੌਲੁਸ ਦੀਆਂ ਯੋਜਨਾਵਾਂ ਹਮੇਸ਼ਾ ਪ੍ਰਭੂ ਦੀਆਂ ਯੋਜਨਾਵਾਂ ਨਹੀਂ ਹੁੰਦੀਆਂ ਸਨ, ਪਰ ਅੱਗੇ ਵਧਣ ਤੋਂ ਪਹਿਲਾਂ ਪ੍ਰਭੂ ਦੇ ‘‘ਹਾਂ’’ ਕਹਿਣ ਦੀ ਉਡੀਕ ਲਈ ਤਿਆਰ ਹੁੰਦਾ ਸੀ। [39]2 ਕੁਰਿੰਥੀਆਂ 11:23-25. 2 ਕੁਰਿੰਥੀਆਂ ਮਕਦੂਨੀਆ ਤੋਂ ਸੌਲੁਸ ਦੀ ਤਰਸੁਸ ਵਿਚ ਸੇਵਕਾਈ ਦੇ ਬਾਰਾਂ ਜਾਂ ਇਸ ਤੋਂ ਵੱਧ ਸਾਲਾਂ ਬਾਅਦ ਤੀਜੀ ਮਿਸ਼ਨਰੀ ਯਾਤਰਾ ਦੇ ਅਖ਼ੀਰ ਦੇ ਨੇੜੇ ਲਿਖਿਆ ਗਿਆ (ਅਗਲੇ ਇਕ ਭਾਗ ਵਿਚ 20:1, 2 ਤੇ ਨੋਟਸ ਵੇਖੋ)।[40]ਰਸੂਲਾਂ ਦੇ ਕੰਮ 27 ਅਧਿਆਇ ਵਿਚ ਜਹਾਜ਼ ਦਾ ਟੁੱਟਣਾ 2 ਕੁਰਿੰਥੀਆਂ ਲਿਖੇ ਜਾਣ ਦੇ *ਬਾਅਦ* ਹੋਇਆ।

[41]ਯਕੀਨਨ ਹੀ ਸੌਲੁਸ ਦਮਿਸ਼ਕ, ਅਰਬ ਅਤੇ ਯਰੂਸ਼ਲਮ ਅਤੇ ਬਾਅਦ ਦੀਆਂ ਆਪਣੀਆਂ ਮਿਸ਼ਨਰੀ ਯਾਤਰਾਵਾਂ ਵਿਚ ਕੰਮ ਕਰਨ ਵਾਂਗ ਹੀ ਉਤਸ਼ਾਹੀ ਸੀ। ਇਹ ਕਲਪਨਾ ਕਰਨਾ ਔਖਾ ਨਹੀਂ ਹੈ ਕਿ ਸੌਲੁਸ ਲਗਾਤਾਰ ਧਾਰਮਿਕ ਆਗੂਆਂ ਨਾਲ ਉਲਝਦਾ ਰਿਹਾ। [43]ਗਲੀਲ ਵਿਚ ਇੰਜੀਲ ਸੁਣਾਏ ਜਾਣ ਦਾ ਕੋਈ ਖ਼ਾਸ ਜ਼ਿਕਰ ਨਹੀਂ ਮਿਲਦਾ। ਇੱਥੇ ਖਿੰਡ ਪੁੰਡ ਜਾਣ ਵਾਲੇ ਚੇਲਿਆਂ ਨੇ ਹੀ ਇੰਜੀਲ ਸੁਣਾਈ ਹੋਵੇਗੀ (8:1, 4)। [42]ਕੁਝ ਪੁਰਾਤਨ ਹੱਥਲਿਖਤਾਂ ਵਿਚ ਇੱਥੇ ‘‘ਕਲੀਸੀਆ’’ ਬਹੁਵਚਨ ਰੂਪ ਵਿਚ ਮਿਲਦਾ ਹੈ (ਵੇਖੋ KJV), ਪਰ ਜ਼ਿਆਦਾਤਰ ਪ੍ਰਾਚੀਨ ਲਿਖਤਾਂ ਵਿਚ ਇਕਵਚਨ ਹੈ ਜੋ ਰਸੂਲਾਂ ਦੇ ਕੰਮ ਵਿਚ ‘‘ਕਲੀਸੀਆ’’ ਸ਼ਬਦ ਦੀ ਅਸਾਧਾਰਣ ਵਰਤੋਂ ਹੈ। ਭਾਵੇਂ ਇਨ੍ਹਾਂ ਤਿੰਨ ਇਲਾਕਿਆਂ ਵਿਚ ਕਾਫ਼ੀ ਮੰਡਲੀਆਂ ਸਨ (ਗਲਾਤੀਆਂ 1:22), ਪਰ ਲੂਕਾ ਨੇ ਫ਼ਲਸਤੀਨ ਦੇ ਸਭ ਮਸੀਹੀ ਲੋਕਾਂ ਨੂੰ ਉਸ ਇਲਾਕੇ ਵਿਚ ‘‘ਕਲੀਸੀਆ’’ ਦੇ ਰੂਪ ਵਿਚ ਵੇਖਿਆ। [44]ਸ਼ੈਤਾਨ ਨੇ ਕਲੀਸੀਆ ਨੂੰ ਬਹੁਤੀ ਦੇਰ ਤਕ ਨਹੀਂ ਛੱਡਣਾ ਸੀ। ਇਸ ਸੰਦਰਭ ਵਿਚ ਮੁੱਖ ਵਿਚਾਰ ਕਲੀਸੀਆ ਨੇ ‘‘ਸੁੱਖ ਪਾਇਆ’’ ਲਗਦਾ ਹੈ ਕਿਉਂਕਿ ਮੁੱਖ ਸਤਾਉਣ ਵਾਲਾ ਹੁਣ ਆਪ ਬਦਲ ਗਿਆ ਸੀ (ਯੂਨਾਨੀ ਭਾਸ਼ਾ ਬੋਲਣ ਵਾਲੇ ਯਹੂਦੀਆਂ ਨੂੰ ਨਿਸ਼ਾਨਾ ਬਣਾਏ ਬਗੈਰ)। [45]ਮਸੀਹੀ ਲੋਕ ਵਚਨ ਨਾਲ ਮਜ਼ਬੂਤ ਹੁੰਦੇ ਹਨ (20:32)। ਇਹ ਸਮਾਂ ਸੁੱਖ ਦਾ ਤਾਂ ਸੀ, ਪਰ ਸੰਤੋਖ ਦਾ ਨਹੀਂ। ‘‘ਉਨ੍ਹਾਂ ਨੇ ਆਪਣੇ ਜਹਾਜ਼ਾਂ ਨੂੰ ਅਗਲੇ ਤੁਫ਼ਾਨ ਦੀ ਮਾਰ ਦੇ ਸ਼ੁਰੂ ਹੋਣ ਤੋਂ ਪਹਿਲਾਂ ਮੁਰੰਮਤ ਅਤੇ ਮਜ਼ਬੂਤ ਕਰਨ ਲਈ ਮੌਕੇ ਦਾ ਫ਼ਾਇਦਾ ਉਠਾਇਆ’’ (ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜਿਸ਼ਨ ਕਮੈਂਟਰੀ,* ਅੰਕ 1 [ਵ੍ਹੀਟਨ, ਇਲਿਨੋਇਸ: ਵਿਕਟਰ ਬੁਕਸ, 1989], 442)। [46]ਇਹ ਸ਼ਾਇਦ ਉਸ ਅਰਾਮ ਅਤੇ ਉਤਸਾਹ ਦੀ ਗੱਲ ਹੈ ਜੋ ਮਸੀਹੀ ਲੋਕਾਂ ਵਿਚ ਵਾਸ ਕਰਨ ਵਾਲਾ ਆਤਮਾ ਹਰ ਮਸੀਹੀ ਨੂੰ ਦਿੰਦਾ ਹੈ। [47]ਇਸ ਅਤੇ ਪਿਛਲੇ ਪਾਠ ਵਿਚ ਦਿੱਤੇ ਗਏ ਸੁਝਾਵਾਂ ਤੇ ਵਿਚਾਰ ਕਰੋ।